ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 198 | Wednesday, October 14, 2020 | Tel: 905-793-2202 | Fax: 905-793-2282 | news@punjabipost.ca

To view our online newspaper visit **punjabipost.ca/epaper** | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਸਿੱਖਾਂ ਨਾਲ ਜੁੜੇ ਮੁੱਦਿਆਂ ਨੂੰ ਪਾਰਲੀਆਮੈਂਟ ਵਿੱਚ ਉਠਾਉਣ ਤੋਂ ਕਤਰਾਉਂਦੇ ਹਨ ਸਿੱਖ ਐਮਪੀਜ਼?

### ਜਗਮੀਤ ਸਿੰਘ, ਨਵਦੀਪ ਬੈਂਸ, ਹਰਜੀਤ ਸੱਜਣ, ਬਰਦੀਸ਼ ਚੱਗੜ ਅਤੇ ਹੋਰ ਚੋਟੀ ਦੇ ਸਿੱਖ ਸਿਆਸੀ ਆਗੂਆਂ ਦੀ ਚੁੱਪੀ ਤੋਂ ਸਿੱਖ ਭਾਈਚਾਰਾ ਖਫਾ

### ਇਨ੍ਹਾਂ ਤੋਂ ਇਲਾਵਾ ਕਈ ਹੋਰ ਐਮਪੀ ਵੀ ਹਨ ਜਿਨ੍ਹਾਂ ਦਾ ਕੋਈ ਰਿਕਾਰਡ ਨਹੀਂ ਮਿਲਦਾ ਕਿ ਉਹ ਸਿੱਖ ਮੁੱਦਿਆਂ ਉਤੇ ਬੋਲੇ ਹੋਣ



ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਵੱਲੋਂ ਸਿੱਖਾਂ ਨਾਲ ਸਬੰਧਤ ਉਨ੍ਹਾਂ ਅਹਿਮ ਮੁੱਦਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਜਿਹੜੇ ਜਨਵਰੀ 2018 ਤੋਂ ਪਾਰਲੀਆਮੈਂਟ ਆਫ ਕੈਨੇਡਾ ਵਿਚ ਉਠਾਏ ਗਏ ਹਨ। ਇਸ ਨਾਲ ਇਹ ਤੈਅ ਕੀਤਾ ਜਾ ਸਕੇਗਾ ਕਿ ਕਿਹੜੇ ਐਮਪੀਜ਼ ਵੱਲੋਂ ਇਹ ਮੁੱਦੇ ਉਠਾਏ ਗਏ ਹਨ। ਜਨਵਰੀ 2018 ਨੂੰ ਇਸ ਲਈ ਮਿਥਿਆ ਗਿਆ ਹੈ ਕਿਉਂਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਫਰਵਰੀ 2018 ਵਿਚ ਭਾਰਤ ਦੇ ਦੌਰੇ ਉਤੇ ਗਏ ਸਨ ਤੇ ਇਸ ਦੌਰਾਨ ਸਿੱਖਾਂ ਨਾਲ ਜੁੜੇ ਮੁੱਦੇ ਵੀ ਸੱਭ ਤੋਂ ਅੱਗੇ ਆ ਗਏ ਸਨ। ਇਸ ਸਦਕਾ ਹੀ ਉਨ੍ਹਾਂ ਐਮਪੀ ਉੱਤੇ ਵੀ ਧਿਆਨ ਬਦੋਬਦੀ ਕੇਂਦਰਿਤ ਹੋ ਜਾਂਦਾ ਹੈ ਜਿਹੜੇ ਪਾਰਲੀਆਮੈਂਟ ਵਿਚ ਭਾਈਚਾਰੇ ਨਾਲ ਜੁੜੇ ਮੁੱਦੇ ਰੱਖਦੇ ਹਨ ਜਾਂ ਨਹੀਂ ਰੱਖਦੇ ਹਨ।

...ਬਾਕੀ ਪੰਨਾ 3 'ਤੇ

## ਓਨਟਾਰੀਓ ਦੇ ਸਕੂਲਾਂ ਵਿੱਚ ਕੋਵਿਡ-19 ਪਾਜ਼ੀਟਿਵ ਦੇ ਮਿਲੇ 72 ਹੋਰ ਨਵੇਂ ਮਾਮਲੇ



ਓਨਟਾਰੀਓ, 13 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਭਰ ਦੇ ਪਬਲਿਕ ਸਕੂਲਾਂ ਵਿੱਚ ਕੋਵਿਡ-19 ਦੇ ਮਾਮਲਿਆਂ ਵਿੱਚ ਇੱਕ ਦਿਨ ਪਹਿਲਾਂ ਨਾਲੋਂ 72 ਤੱਕ ਦਾ ਵਾਧਾ ਹੋਇਆ। ਪਿਛਲੇ ਦੋ ਹਫਤਿਆਂ ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ ਵਧ ਕੇ 661 ਤੱਕ ਅੱਪੜ ਗਈ ਹੈ।

ਮੰਗਲਵਾਰ ਸਵੇਰੇ ਜਾਰੀ ਕੀਤੀ ਗਈ ਆਪਣੀ ਤਾਜ਼ਾ ਰਿਪੋਰਟ ਵਿੱਚ ਪ੍ਰੋਵਿੰਸ ਨੇ ਦੱਸਿਆ ਕਿ 49 ਹੋਰ ਵਿਦਿਆਰਥੀ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ ਤੇ ਪਿਛਲੇ ਦੋ ਹਫਤਿਆਂ ਵਿੱਚ 390 ਵਿਦਿਆਰਥੀ ਸੰਕ੍ਰਮਿਤ ਹੋ ਚੁੱਕੇ ਹਨ ਤੇ ਜਦੋਂ ਤੋਂ ਸਕੂਲ ਖੁੱਲ੍ਹੇ ਹਨ ਉਦੋਂ ਤੋਂ ਅਜਿਹੇ ਵਿਦਿਆਰਥੀਆਂ ਦੀ ਗਿਣਤੀ 531 ਹੋ ਚੁੱਕੀ ਹੈ।

ਅੰਕੜਿਆਂ ਤੋਂ ਸਾਹਮਣੇ ਆਇਆ ਕਿ ਅੱਠ ਹੋਰ ਸਟਾਫ ਮੈਂਬਰ ਵੀ ਪਾਜ਼ੀਟਿਵ ਆ ਚੁੱਕੇ ਹਨ ਤੇ ਪਿਛਲੇ ਦੋ ਹਫਤਿਆਂ ਵਿੱਚ 100 ਮੈਂਬਰ ਪਾਜ਼ੀਟਿਵ ਆਏ ਹਨ ਤੇ ਕੁੱਲ ਮਿਲਾ ਕੇ 157 ਹੁਣ ਤੱਕ ਪਾਜ਼ੀਟਿਵ ਆ ਚੁੱਕੇ ਹਨ। ਮੰਗਲਵਾਰ ਨੂੰ ਨੌਰਥ ਯੌਰਕ ਸਥਿਤ ਸੇਂਟ ਚਾਰਲਸ ਕੈਥੋਲਿਕ ਸਕੂਲ ਨੂੰ ਇੱਕ ਹਫਤਾ ਬੰਦ ਰੱਖਣ ਤੋਂ ਬਾਅਦ ਮੁੜ ਖੋਲ੍ਹ ਦਿੱਤਾ ਗਿਆ। ਇੱਥੇ ਇੱਕ ਮਿਊਜ਼ਿਕ ਟੀਚਰ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਕਈ ਵਿਦਿਆਰਥੀ ਵੀ ਉਸ ਦੇ ਸੰਪਰਕ ਵਿੱਚ ਆਉਣ ਕਾਰਨ ਸੰਕ੍ਰਮਿਤ ਹੋ ਗਏ ਸਨ।

## ਸਿੱਖ ਵਿਅਕਤੀ ਨਾਲ ਨਸਲੀ ਟੀਕਾ ਟਿੱਪਣੀ ਕਰਨ ਵਾਲੇ ਗੋਰੇ ਨੂੰ ਨੌਕਰੀ ਤੋਂ ਧੁਆਉਣੇ ਪਏ ਹੱਥ



ਬਰੈਂਪਟਨ, 13 ਅਕਤੂਬਰ (ਪੋਸਟ ਬਿਊਰੋ) : ਜਾਰਜਟਾਊਨ ਗੌਲਫ ਕੋਰਸ ਉੱਤੇ ਇੱਕ ਪਰਿਵਾਰ ਵੱਲੋਂ ਪੰਜਾਬੀ ਮੂਲ ਦੇ ਵਿਅਕਤੀ ਨਾਲ ਨਸਲੀ ਤੇ ਚੋਭ ਭਰੀ ਟੀਕਾ ਟਿੱਪਣੀ ਕੀਤੀ ਗਈ। ਇਸ ਪਰਿਵਾਰ ਨੇ ਮੰਦੀ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ।

ਇਹ ਫੁਟੇਜ ਬੀਤੇ ਦਿਨੀਂ ਜਾਰਜਟਾਊਨ ਗੌਲਫ ਕਲੱਬ ਵਿਖੇ ਬਰੈਂਪਟਨ ਵਾਸੀ ਗੁਰਸ਼ੇਰ ਢਿੱਲੋਂ, ਜੋ ਕਿ ਕਲੱਬ ਦਾ ਮੈਂਬਰ ਹੈ, ਵੱਲੋਂ ਲਈ ਗਈ। ਇਸ ਵਿੱਚ ਗੁਰਸ਼ੇਰ ਤੇ ਇੱਕ ਪਰਿਵਾਰ ਦਰਮਿਆਨ ਹੋ ਰਹੀ ਤਲਖ਼ ਬਹਿਸ ਸੁਣਾਈ ਤੇ ਦਿਖਾਈ ਦੇ ਰਹੀ ਹੈ। ਢਿੱਲੋਂ ਅਨੁਸਾਰ ਉਹ ਦੁਪਹਿਰ ਸਮੇਂ ਆਪਣੇ ਦੋਸਤ ਨਾਲ ਗੌਲਫ ਕੋਰਸ ਉੱਤੇ ਖੇਡ ਰਿਹਾ ਸੀ ਕਿ ਇਸ ਪਰਿਵਾਰ ਨਾਲ ਅਜੀਬ ਜਿਹੀ ਤਣਾਅ ਭਰੀ ਕਸ਼ਮਕਸ਼ ਖੜ੍ਹੀ ਹੋ ਗਈ। ਫਾਈਨਲ ਹੋਲ ਵੱਲ ਵਧਣ ਤੋਂ ਪਹਿਲਾਂ ਹੀ ਮਾਮਲਾ ਗਰਮਾ ਗਿਆ।

ਢਿੱਲੋਂ ਨੇ ਆਖਿਆ ਕਿ ਪਰਿਵਾਰ ਦੇ ਲੜਕੇ ਨੇ ਆਖਿਆ ਕਿ ਚੰਗਾ ਹੋਵੇ "ਤੂੰ ਵਧੀਆ ਸ਼ੌਟ ਲਾਵੇਂ।" ਇਸ ਉੱਤੇ ਢਿੱਲੋਂ ਨੇ ਆਖਿਆ "ਖੁਸ਼ਕਿਸਮਤੀ ਨਾਲ ਮੈਂ ਚੰਗਾ ਸ਼ੌਟ ਲਾਇਆ ਹੈ।" ਸ਼ੌਟ ਲਾਉਣ ਤੋਂ ਬਾਅਦ ਢਿੱਲੋਂ ਨੇ ਆਪਣੇ ਦੋਸਤ ਨੂੰ ਮੁਖਾਤਬ ਹੁੰਦਿਆਂ ਆਖਿਆ "ਇਹ ਚੰਗਾ ਸ਼ੌਟ ਸੀ ਨਾ।" ਇਸ ਉੱਤੇ ਲੜਕੇ ਦਾ ਪਿਤਾ ਕਾਰਟ ਵਿੱਚੋਂ ਉਤਰ ਆਇਆ ਤੇ ਉਸ ਨੇ ਨਸਲੀ ਤੇ ਚੋਭ ਭਰੀ ਟੀਕਾ ਟਿੱਪਣੀ ਕਰਾਦਿਆਂ ਆਖਿਆ "ਉਹ ਗੌਲਫ ਕਲੱਬ ਨਾਲ ਉਸ ਦੀ ਢੂਈ ਸੇਕ ਦੇਵੇਗਾ।"

...ਬਾਕੀ ਪੰਨਾ 3 'ਤੇ

## ਰੋਨਾਲਡੋ ਨੂੰ ਵੀ ਹੋਇਆ ਕਰੋਨਾਵਾਇਰਸ



ਸਪੇਨ, 13 ਅਕਤੂਬਰ (ਪੋਸਟ ਬਿਊਰੋ) : ਪੁਰਤਗਾਲੀ ਫੌਰਵਰਡ ਕ੍ਰਿਸਟੀਆਨੋ ਰੋਨਾਲਡੋ ਦਾ ਵੀ ਕੋਵਿਡ-19 ਟੈਸਟ ਪਾਜ਼ੀਟਿਵ ਆ ਗਿਆ ਹੈ। ਇਹ ਖੁਲਾਸਾ ਪੁਰਤਗਾਲ ਦੀ ਫੁੱਟਬਾਲ ਫੈਡਰੇਸ਼ਨ ਨੇ ਮੰਗਲਵਾਰ ਨੂੰ ਆਪਣੀ ਵੈੱਬਸਾਈਟ ਉੱਤੇ ਇੱਕ ਬਿਆਨ ਜਾਰੀ ਕਰਕੇ ਕੀਤਾ। 35 ਸਾਲਾ ਇਹ ਸਟਰਾਈਕਰ ਬੁੱਧਵਾਰ ਨੂੰ ਸਵੀਡਨ ਖਿਲਾਫ ਹੋਣ ਜਾ ਰਹੇ ਯੂਏਫਾ (ਓਂਓ) ਨੇਸ਼ਨਜ਼ ਲੀਗ ਗੇਮ ਨੂੰ ਨਹੀਂ ਖੇਡ ਪਾਵੇਗਾ। ਫੈਡਰੇਸ਼ਨ ਨੇ ਦੱਸਿਆ ਕਿ ਉਹ ਬਿਲਕੁਲ ਸਹੀ ਸਲਾਮਤ ਹੈ ਤੇ ਉਸ ਨੂੰ ਕੋਈ ਲੱਛਣ ਵੀ ਨਹੀਂ ਹਨ ਪਰ ਉਹ ਆਈਸੋਲੇਸ਼ਨ ਵਿੱਚ ਹੈ। ਫੈਡਰੇਸ਼ਨ ਨੇ ਆਖਿਆ ਕਿ ਪੁਰਤਗਾਲ ਦੀ ਪੂਰੀ ਟੀਮ ਦਾ ਹੀ ਰੋਨਾਲਡੋ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਕੋਵਿਡ-19 ਟੈਸਟ ਕਰਵਾਇਆ ਗਿਆ ਹੈ। ਸਾਰੇ ਹੀ ਖਿਡਾਰੀ ਨੈਗੇਟਿਵ ਆਏ ਹਨ ਤੇ ਸਾਰੇ ਸਵੀਡਨ ਦੇ ਮੈਚ ਵਿੱਚ ਵੀ ਹਿੱਸਾ ਲੈਣਗੇ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com


PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755


MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਟੋਰਾਂਟੋ ਦੀ ਮਸਜਿਦ ਨੂੰ ਮਿਲੀਆਂ ਹਿੰਸਕ ਧਮਕੀਆਂ ਦੀ ਜਾਂਚ ਕਰ ਰਹੀ ਹੈ ਪੁਲਿਸ



ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਵੀਕੈਂਡ ਉੱਤੇ ਲੋਕਲ ਮਸਜਿਦ ਨੂੰ ਮਿਲੀਆਂ ਧਮਕੀਆਂ ਦੇ ਮਾਮਲੇ ਦੀ ਉਨ੍ਹਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਕਾਂਸਟੇਬਲ ਐਡਵਰਡ ਪਾਰਕਸ ਨੇ ਆਖਿਆ ਕਿ ਸ਼ਨਿੱਚਰਵਾਰ ਨੂੰ ਮਸਜਿਦ ਦੇ ਸੰਚਾਲਕਾਂ ਵੱਲੋਂ ਵਾਪਰੇ ਇੱਕ ਸ਼ੱਕੀ ਵਾਕਿਆ ਤੋਂ ਬਾਅਦ ਪੁਲਿਸ ਅਧਿਕਾਰੀਆਂ ਨੂੰ ਸੰਪਰਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅਜੇ ਤੱਕ ਇਸ ਸਬੰਧ ਵਿੱਚ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਨਾ ਹੀ ਕਿਸੇ ਮਸ਼ਕੂਕ ਸਬੰਧੀ ਜਾਣਕਾਰੀ ਹੀ ਹਾਸਲ ਹੋਈ ਹੈ। ਪੁਲਿਸ ਵੱਲੋਂ ਇਸ ਮਾਮਲੇ ਦੀ ਪੁਸ਼ਟੀ ਉਦੋਂ ਕੀਤੀ ਗਈ ਜਦੋਂ ਨੈਸ਼ਨਲ ਮੁਸਲਿਮ ਆਰਗੇਨਾਈਜ਼ੇਸ਼ਨ ਵੱਲੋਂ ਮਸਜਿਦ ਨੂੰ ਮਿਲੇ ਧਮਕੀ ਭਰੇ ਸੁਨੇਹੇ ਨੂੰ ਸਾਂਝਾ ਕੀਤਾ ਗਿਆ। ਨੈਸ਼ਨਲ ਕਾਊਂਸਲ ਆਫ ਕੈਨੇਡੀਅਨ ਮੁਸਲਿਮਜ਼ ਵੱਲੋਂ ਭਵਿੱਖ ਵਿੱਚ ਵੀ ਮਸਜਿਦ ਨੂੰ ਨਿਸ਼ਾਨਾ ਬਣਾਏ ਜਾਣ ਦੇ ਡਰੋਂ ਮਸਜਿਦ ਦਾ ਨਾਂ ਨਹੀਂ ਦੱਸਿਆ ਗਿਆ।

ਧਮਕੀ ਭਰੇ ਸੁਨੇਹੇ ਵਿੱਚ ਆਖਿਆ ਗਿਆ ਸੀ ਕਿ ਇਸ ਮਸਜਿਦ ਵਿੱਚ ਵੀ ਕ੍ਰਾਈਸਟ ਚਰਚ ਵਾਲਾ ਕਾਰਾ ਕਰਨਾ ਹੀ ਚਾਹੀਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਮਾਰਚ 2019 ਵਿੱਚ ਇੱਕ ਗੰਨਮੈਨ ਨੇ ਕ੍ਰਾਈਸਟਚਰਚ, ਨਿਊਜ਼ੀਲੈਂਡ ਵਿੱਚ ਦੋ ਮਸਜਿਦਾਂ ਵਿੱਚ ਅੰਨ੍ਹੇਵਾਹ ਗੋਲੀਆਂ ਚਲਾ ਕੇ 51 ਲੋਕਾਂ ਦੀ ਜਾਨ ਲੈ ਲਈ ਸੀ।

ਇਹ ਕਥਿਤ ਧਮਕੀ ਉਸ ਸਮੇਂ ਮਿਲੀ ਜਦੋਂ ਹੋਰਨਾਂ ਮਨੁੱਖੀ ਅਧਿਕਾਰ ਗਰੁੱਪਜ਼ ਸਮੇਤ ਇਸ ਕਾਊਂਸਲ ਵੱਲੋਂ ਫੈਡਰਲ ਸਰਕਾਰ ਤੋਂ ਵਾਈਟ ਸੁਪਰੀਮੇਸਿਸਟ ਗਰੁੱਪਜ਼ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਸੀ। ਕਾਊਂਸਲ ਨੇ ਇੱਕ ਬਿਆਨ ਜਾਰੀ ਕਰਕੇ ਇਹ ਵੀ ਆਖਿਆ ਕਿ ਟੋਰਾਂਟੋ ਦੀ ਮੁਸਲਿਮ ਕਮਿਊਨਿਟੀ ਪਿਛਲੇ ਮਹੀਨੇ ਟੋਰਾਂਟੋ ਦੀ ਮਸਜਿਦ ਦੇ ਬਾਹਰ ਚਾਕੂ ਮਾਰ ਕੇ ਮਾਰੇ ਗਏ 58 ਸਾਲਾ ਵਾਲੰਟੀਅਰ ਕੇਅਰਟੇਕਰ ਮੁਹੰਮਦ ਅਸਲਿਮ ਜ਼ਾਫੀ ਦੀ ਮੌਤ ਤੋਂ ਹੀ ਨਹੀਂ ਉਭਰ ਪਾਈ ਹੈ।

# ਕੋਵਿਡ-19 ਕਾਰਨ ਕੈਨੇਡੀਅਨ ਯੂਨੀਵਰਸਿਟੀਜ਼ ਨੂੰ ਪੈ ਸਕਦਾ ਹੈ 3.4 ਬਿਲੀਅਨ ਡਾਲਰ ਦਾ ਘਾਟਾ : ਸਟੈਟੇਸਟਿਕਸ ਕੈਨੇਡਾ

ਓਟਵਾ, 13 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਕਾਰਨ ਕੈਨੇਡੀਅਨ ਯੂਨੀਵਰਸਿਟੀਜ਼ ਇਸ ਸਾਲ 3.4 ਬਿਲੀਅਨ ਡਾਲਰ ਗੁਆ ਸਕਦੀਆਂ ਹਨ। ਇਹ ਖੁਲਾਸਾ ਸਟੈਟੇਸਟਿਕਸ ਕੈਨੇਡਾ ਦੀ ਰਿਪੋਰਟ ਤੋਂ ਹੋਇਆ। ਫੌਰਨ ਸਟੂਡੈਂਟਸ ਦੀ ਗਿਣਤੀ ਵਿੱਚ ਆਈ ਕਮੀ ਕਾਰਨ ਕੈਨੇਡੀਅਨ ਯੂਨੀਵਰਸਿਟੀਜ਼ ਨੂੰ ਇਹ ਨੁਕਸਾਨ ਜਰਨਾ ਹੋਵੇਗਾ।

ਇਸ ਹਫਤੇ ਪ੍ਰਕਾਸ਼ਿਤ ਹੋਈ ਰਿਪੋਰਟ ਵਿੱਚ ਸਟੈਟੇਸਟਿਕਸ ਕੈਨੇਡਾ ਨੇ 2020-2021 ਸਕੂਲ ਯੀਅਰ ਲਈ ਅੰਦਾਜ਼ਨ ਯੂਨੀਵਰਸਿਟੀ ਬਜਟ ਵਿੱਚ ਪਏ ਘਾਟੇ ਦਾ ਖੁਲਾਸਾ ਕਰਨ ਦੀ ਕੋਸ਼ਿਸ਼ ਕੀਤੀ। ਏਜੰਸੀ ਨੇ ਆਖਿਆ ਕਿ ਯੂਨੀਵਰਸਿਟੀ ਨੂੰ ਬਹੁਤੀ ਕਮਾਈ ਟਿਊਸ਼ਨ ਫੀਸ ਤੋਂ ਹੀ ਹੁੰਦੀ ਹੈ। 2013-2014 ਵਿੱਚ ਸਕੂਲ ਫੰਡਿੰਗ ਦਾ ਬਹੁਤਾ ਹਿੱਸਾ, ਜੋ ਕਿ 24.7 ਫੀ ਸਦੀ ਬਣਦਾ ਸੀ, ਟਿਊਸ਼ਨ ਫੀਸ ਤੋਂ ਹੀ ਆਇਆ ਸੀ ਅਤੇ 2018-19 ਵਿੱਚ ਟਿਊਸ਼ਨ ਫੀਸ ਤੋਂ 29.4 ਫੀ ਸਦੀ ਕਮਾਈ ਹੋਈ ਸੀ।

ਯੂਨੀਵਰਸਿਟੀ ਦੀ ਆਮਦਨ ਸਰਕਾਰੀ ਫੰਡਾਂ ਤੋਂ ਵੀ ਹੁੰਦੀ ਹੈ, ਜੋ



ਕਿ 45.8 ਫੀ ਸਦੀ ਤੱਕ ਹੈ। ਸਟੈਟੇਸਟਿਕਸ ਕੈਨੇਡਾ ਨੇ ਆਖਿਆ ਕਿ ਟਿਊਸ਼ਨ ਫੀਸ ਵਿੱਚ ਵਾਧਾ ਵਿਦੇਸ਼ੀ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਕਾਰਨ ਹੋਇਆ। ਵਿਦੇਸ਼ੀ ਵਿਦਿਆਰਥੀ ਕੈਨੇਡੀਅਨ ਨਾਗਰਿਕਾਂ ਨਾਲੋਂ ਪੰਜ ਗੁਣਾਂ ਵਧੇਰੇ ਫੀਸ ਅਦਾ ਕਰਦੇ ਹਨ। 2017-18 ਵਿੱਚ ਇੱਕਲੇ ਫੌਰਨ ਵਿਦਿਆਰਥੀਆਂ ਨੇ ਟਿਊਸ਼ਨ ਫੀਸ ਦਾ 40 ਫੀ ਸਦੀ ਅਦਾ ਕੀਤਾ।

ਇਸ ਲਈ ਸਟੈਟੇਸਟਿਕਸ ਕੈਨੇਡਾ ਅਨੁਸਾਰ ਯੂਨੀਵਰਸਿਟੀਜ਼ ਨੂੰ ਇਸ ਵਾਰੀ 377 ਮਿਲੀਅਨ ਡਾਲਰ ਤੋਂ ਲੈ ਕੇ 3.4 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਜਿਸ ਤੋਂ ਭਾਵ ਹੈ ਕਿ ਇਸ ਅਕਾਦਮਿਕ ਸਾਲ ਵਿੱਚ 0.8 ਫੀ ਸਦੀ ਤੋਂ 7.5 ਫੀ ਸਦੀ ਦਾ ਘਾਟਾ।

# ਫਲੂ ਸੀਜਨ ਤੋਂ ਪਹਿਲਾਂ ਇਨ ਕਲਾਸ ਲਰਨਿੰਗ ਦੀ ਥਾਂ ਆਨਲਾਈਨ ਲਰਨਿੰਗ ਵੱਲ ਮੁੜ ਰਹੇ ਹਨ ਵਿਦਿਆਰਥੀ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਫਲੂ ਸੀਜਨ ਨੇੜੇ ਆਉਣ ਕਾਰਨ ਟੋਰਾਂਟੋ ਦੇ ਹਜਾਰਾਂ ਵਿਦਿਆਰਥੀ ਵਰਚੂਅਲ ਲਰਨਿੰਗ ਵੱਲ ਮੁੜ ਰਹੇ ਹਨ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ 7500 ਐਲੀਮੈਂਟਰੀ ਸਟੂਡੈਂਟਸ ਵੱਲੋਂ ਨਿਜੀ ਤੌਰ ਉੱਤੇ ਸਕੂਲਾਂ ਵਿੱਚ ਜਾ ਕੇ ਪੜ੍ਹਾਈ ਕਰਨ ਦੀ ਥਾਂ ਆਨਲਾਈਨ ਲਰਨਿੰਗ ਦਾ ਰੁਖ ਕੀਤਾ ਗਿਆ ਹੈ। ਇਸ ਦੌਰਾਨ 3000 ਵਿਦਿਆਰਥੀ ਇਨ ਕਲਾਸ ਲਰਨਿੰਗ ਹੀ ਕਰਨੀ ਚਾਹੁੰਦੇ ਹਨ। ਆਨਲਾਈਨ ਜਾਂ ਇਨ ਕਲਾਸ ਲਰਨਿੰਗ ਲਈ ਪਿਛਲੇ ਮਹੀਨੇ



ਪਰਿਵਾਰਾਂ ਨੂੰ ਤਿੰਨ ਡੈੱਡਲਾਈਨਜ ਦਿੱਤੀਆਂ ਗਈਆਂ ਸਨ। ਅਗਲੀ ਮੌਕਾ 6 ਨਵੰਬਰ ਹੋਵੇਗਾ। ਸੈਕੰਡਰੀ ਵਿਦਿਆਰਥੀਆਂ ਕੋਲ ਅਜੇ ਵੀ ਕਲਾਸਾਂ ਲਈ ਮਨ ਬਦਲਣ ਵਾਸਤੇ ਵੀਰਵਾਰ ਤੱਕ ਦਾ ਸਮਾਂ ਹੈ। ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਸਥਾਨਕ ਵਾਸੀਆਂ ਨੂੰ ਆਪਣੇ ਫਲੂ ਸ਼ੌਟ ਲਵਾਉਣ ਦੀ ਬੇਨਤੀ ਕੀਤੀ ਗਈ ਹੈ। ਜਿਕਰਯੋਗ ਹੈ ਕਿ ਫੋਰਡ ਤੇ ਫੈਡਰਲ ਸਰਕਾਰਾਂ ਵੱਲੋਂ ਇਸ ਸਾਲ ਵੈਕਸੀਨ ਲਈ 70 ਮਿਲੀਅਨ ਡਾਲਰ ਦਾ ਨਿਵੇਸ ਕੀਤਾ ਜਾ ਰਿਹਾ ਹੈ। ਸਿਹਤ ਮੰਤਰਾਲੇ ਵੱਲੋਂ ਇਸ ਨੂੰ ਓਨਟਾਰੀਓ ਦੇ ਇਤਿਹਾਸ ਦੀ ਸੱਭ ਤੋਂ ਵੱਡੀ ਫਲੂ ਇਮਿਊਨਾਈਜੇਸਨ ਕੈਂਪੇਨ ਦੱਸਿਆ ਜਾ ਰਿਹਾ ਹੈ।

# ਟੋਰਾਂਟੋ ਏਅਰਬੀਐਨਬੀ ਵਿੱਚ ਗੋਲੀਆਂ ਚਲਾਉਣ ਵਾਲੇ 5 ਵਿਅਕਤੀ ਗ੍ਰਿਫਤਾਰ

ਟੋਰਾਂਟੋ, 13 ਅਕਤੂਬਰ (ਪੋਸਟ ਬਿਊਰੋ) : ਇੱਕ ਕੌਂਡੋ ਦੀ ਕੰਧ ਰਾਹੀਂ ਨਾਲ ਲੱਗਦੇ ਘਰ ਵਿੱਚ ਦੋ ਗੋਲੀਆਂ ਮਾਰਨ ਵਾਲੇ ਪੰਜ ਵਿਅਕਤੀਆਂ ਨੂੰ ਟੋਰਾਂਟੋ ਪੁਲਿਸ ਵੱਲੋਂ ਗ੍ਰਿਫਤਾਰ ਕਰਕੇ ਉਨ੍ਹਾਂ ਤੋਂ ਗੰਨ ਵੀ ਬਰਾਮਦ ਕੀਤੀ ਹੈ।

ਕਾਂਸਟੇਬਲ ਕੈਰੋਲੀਨ ਡੀ ਕਲੋਏ ਨੇ ਦੱਸਿਆ ਕਿ ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਮੰਗਲਵਾਰ ਤੜ੍ਹਕੇ 3:00 ਵਜੇ ਪੁਲਿਸ ਅਧਿਕਾਰੀਆਂ ਨੂੰ ਡਾਊਨਟਾਊਨ ਸਥਿਤ ਬਿਲਡਿੰਗ ਵਿੱਚ ਸੱਦਿਆ ਗਿਆ। ਕਲੋਏ ਨੇ ਆਖਿਆ ਕਿ ਗੋਲੀਆਂ ਇੱਕ ਕੰਧ ਰਾਹੀਂ ਨਾਲ ਲੱਗਦੇ ਫਲੈਟ ਵਿੱਚ ਮਾਰੀਆਂ ਗਈਆਂ।

ਇਸ ਦੌਰਾਨ ਕੈਨੇਡੀਅਨ ਪ੍ਰੈੱਸ ਦੇ



ਜਰਨਲਿਸਟ ਲੂਕਸ ਟਿਮੌਨਜ਼ ਨੇ ਦੱਸਿਆ ਕਿ ਉਹ ਆਪਣੇ ਘਰ ਗੂੜ੍ਹੀ ਨੀਂਦ ਵਿੱਚ ਸੀ ਜਦੋਂ ਉਸ ਨੇ ਜ਼ੋਰਦਾਰ ਢੰਗ ਨਾਲ ਦਰਵਾਜ਼ਾ ਵੱਜਣ ਵਰਗੀ ਆਵਾਜ਼ ਸੁਣੀ। ਫਿਰ ਉਸ ਨੂੰ ਇੱਕ ਹੋਰ ਜ਼ੋਰਦਾਰ ਧਮਾਕਾ ਸੁਣਿਆ। ਫਿਰ ਉਸ ਨੇ ਇੱਕ ਪਿਕਚਰ ਫਰੇਮ ਅਤੇ ਉਸ ਦੇ ਡਰਾਇਰ ਵਿੱਚੋਂ ਗੋਲੀਆਂ ਲੱਗਣ ਕਾਰਨ ਬਣੀਆਂ ਮੋਰੀਆਂ ਵੇਖੀਆਂ। ਇੱਕ ਗੋਲੀ ਉਸ ਦੇ ਘਰ ਦੀ ਜ਼ਮੀਨ ਉੱਤੇ ਵੀ ਪਈ ਸੀ।

# ਸਿੱਖ ਵਿਅਕਤੀ ਨਾਲ ਨਸਲੀ ਟੀਕਾ ਟਿੱਪਣੀ ਕਰਨ ਵਾਲੇ ਗੋਰੇ ਨੂੰ ਨੌਕਰੀ ਤੋਂ ਧੁਆਉਣੇ ਪਏ ਹੱਥ

...ਪੰਨਾ 1 ਦਾ ਬਾਕੀ

ਢਿੱਲੋਂ ਨੇ ਆਖਿਆ ਕਿ ਇਸ ਤੋਂ ਬਾਅਦ ਉਸ ਨੇ ਆਪਣੇ ਫੋਨ ਉੱਤੇ ਸਾਰੀ ਘਟਨਾ ਰਿਕਾਰਡ ਕਰਨੀ ਸੁਰੂ ਕਰ ਦਿੱਤੀ। ਫਿਰ ਉਸ ਵਿਅਕਤੀ ਨੇ ਢਿੱਲੋਂ ਉੱਤੇ ਤਿੱਖੀਆਂ ਨਸਲੀ ਟੀਕਾ ਟਿੱਪਣੀਆਂ ਕੀਤੀਆਂ। ਢਿੱਲੋਂ ਨੇ ਆਖਿਆ ਕਿ ਇਹ ਸੱਭ ਉਸ ਨੇ ਇਸ ਲਈ ਰਿਕਾਰਡ ਕੀਤਾ ਕਿਉਂਕਿ ਅਸੀਂ ਸਾਰੇ ਮੰਨਦੇ ਹਾਂ ਕਿ ਇਹ ਨਸਲਵਾਦ ਮੁੱਕ ਚੁੱਕਿਆ ਹੈ ਤੇ ਹੁਣ ਇਸ ਦੀ ਕੋਈ ਹੋਂਦ ਨਹੀਂ।ਪਰ ਅਜਿਹਾ ਨਹੀਂ ਹੈ।ਇਸ ਵੀਡੀਓ ਵਿੱਚ ਜਿਹੜਾ ਵਿਅਕਤੀ ਨਸਲੀ ਟੀਕਾ ਟਿੱਪਣੀਆਂ ਕਰ ਰਿਹਾ ਹੈ ਉਸ ਦੀ ਪਛਾਣ ਮਾਈਕਲ ਵਾਰਿੰਗਟਨ ਵਜੋਂ ਹੋਈ ਜੋ ਕਿ ਟੈਰਾ ਕੌਟਾ ਫਾਇਨਾਂਸ਼ੀਅਲ ਗਰੁੱਪ ਵਿੱਚ ਚੀਫ ਫਾਇਨਾਂਸ਼ੀਅਲ ਆਫੀਸਰ ਵਜੋਂ ਕੰਮ ਕਰ ਰਿਹਾ ਸੀ। ਢਿੱਲੋਂ ਨੇ ਆਖਿਆ ਕਿ ਉਸ ਨੇ ਇਹ ਸਾਰਾ ਮਾਮਲਾ ਗੌਲਫ ਕੋਰਸ ਦੇ ਧਿਆਨ ਵਿੱਚ ਵੀ ਲਿਆਂਦਾ। ਢਿੱਲੋਂ ਇਸ ਕਲੱਬ ਦਾ ਪੇਇੰਗ ਮੈਂਬਰ ਹੈ। ਇਸ ਘਟਨਾ ਦੀ ਪੁਸ਼ਟੀ ਕੋਰਸ ਵੱਲੋਂ ਵੀ ਸੋਸ਼ਲ ਮੀਡੀਆ ਉੱਤੇ ਕੀਤੀ ਗਈ। ਇਸ ਬਾਰੇ ਕਲੱਬ ਨੇ ਆਖਿਆ ਕਿ ਇਹ ਘਟਨਾ ਸਾਡੀ ਆਰਗੇਨਾਈਜ਼ੇਸ਼ਨ ਦੀਆਂ ਕਦਰਾਂ ਕੀਮਤਾਂ ਦੇ ਖਿਲਾਫ ਹੈ। ਅਸੀਂ ਆਪਣੇ ਸਾਰੇ ਮੈਂਬਰਾਂ ਨੂੰ ਸੁਰੱਖਿਅਤ ਤੇ ਬਿਹਤਰੀਨ ਮਾਹੌਲ ਮੁਹੱਈਆ ਕਰਵਾਉਣਾ ਚਾਹੁੰਦੇ ਹਾਂ। ਇਸ ਤਰ੍ਹਾਂ ਦੇ ਵਿਵਹਾਰ ਨੂੰ ਅਸੀਂ ਉੱਕਾ ਹੀ ਬਰਦਾਸ਼ਤ ਨਹੀਂ ਕਰ ਸਕਦੇ।ਕਲੱਬ ਲਿੰਕ ਨੇ ਆਖਿਆ ਕਿ ਨਸਲੀ ਟਿੱਪਣੀਆਂ ਕਰਨ ਵਾਲੇ ਵਿਅਕਤੀ ਨੂੰ ਕਲੱਬ ਦੀ ਮੈਂਬਰਸ਼ਿਪ ਤੋਂ ਹਟਾ ਦਿੱਤਾ ਗਿਆ ਹੈ ਤੇ ਉਸ ਦੇ ਕਲੱਬ ਲਿੰਕ ਦੀ ਕਿਸੇ ਵੀ ਪ੍ਰੌਪਰਟੀ ਵਿੱਚ ਦਾਖਲ ਹੋਣ ਤੱਕ ਉੱਤੇ ਰੋਕ ਲਗਾ ਦਿੱਤੀ ਗਈ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਸਿਰਫ ਜਾਰਜਟਾਊਨ ਗੌਲਫ ਕੋਰਸ ਹੀ ਨਹੀਂ ਸਗੋਂ ਕਲੱਬ ਲਿੰਕ ਅਜਿਹੀ ਕੌਮਾਂਤਰੀ ਚੇਨ ਹੈ ਜਿਹੜੀ ਸਿੱਖ ਵਿਅਕਤੀ ਕੁਲਦੀਪ ਰਾਇ ਸਾਹੀ ਦੀ ਮਲਕੀਅਤ ਹੈ। ਇਸ ਗੋਰੇ ਨੂੰ ਨਹੀਂ ਸੀ ਪਤਾ ਕਿ ਉਹ ਜਿਸ ਕਲੱਬ ਦਾ ਮੈਂਬਰ ਹੈ ਉਹ ਵੀ ਕਿਸੇ ਸਿੱਖ ਵਿਅਕਤੀ ਜਿਸ ਨੂੰ "ਪਾਕੀ" ਆਖਿਆ ਜਾਂਦਾ ਹੈ, ਦਾ ਹੀ ਹੈ। ਇਸ ਘਟਨਾ ਤੋਂ ਬਾਅਦ ਜਦੋਂ ਢਿੱਲੋਂ ਵੱਲੋਂ ਇਸ ਨੂੰ ਟਵਿੱਟਰ ਉੱਤੇ ਪੋਸਟ ਕੀਤਾ ਗਿਆ ਤਾਂ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਉਸ ਦੇ ਦੋਸਤਾਂ ਵੱਲੋਂ ਇਸ ਨੂੰ ਰੀ ਟਵੀਟ ਕੀਤਾ ਗਿਆ। ਹੌਲੀ ਹੌਲੀ ਇਹ ਮਾਮਲਾ ਸਬੰਧਤ ਗੋਰੇ ਵਿਅਕਤੀ ਦੇ ਆਫਿਸ ਤੱਕ ਵੀ ਜਾ ਪਹੁੰਚਿਆ ਤੇ ਇਸ ਤਰ੍ਹਾਂ ਦੀਆਂ ਤਿੱਖੀਆਂ ਨਸਲੀ ਟੀਕਾ ਟਿੱਪਣੀਆਂ ਕਰਨ ਦੇ ਦੋਸ਼ ਵਿੱਚ ਉਸ ਨੂੰ ਉਸ ਦੀ ਨੌਕਰੀ ਤੋਂ ਵੀ ਕੱਢ ਦਿੱਤਾ ਗਿਆ। ਵਾਰੀ ਵਾਰੀ ਮੁਆਫੀ ਮੰਗਣ ਦੇ ਬਾਵਜੂਦ ਟੈਰਾ ਕੌਟਾ ਕੰਪਨੀ, ਜਿਸ ਵਿੱਚ ਉਹ ਗੋਰਾ ਕੰਮ ਕਰਦਾ ਸੀ, ਨੇ ਉਸ ਨੂੰ ਮੁਆਫ ਨਹੀਂ ਕੀਤਾ।

# ਸਿੱਖਾਂ ਨਾਲ ਜੁੜੇ ਮੁੱਦਿਆਂ ਨੂੰ ਪਾਰਲੀਆਮੈਂਟ ਵਿੱਚ ਉਠਾਉਣ ਤੋਂ ਕਤਰਾਉਂਦੇ ਹਨ ਸਿੱਖ ਐਮਪੀਜ਼?

...ਪੰਨਾ 1 ਦਾ ਬਾਕੀ

ਇਸ ਵਿਸ਼ਲੇਸ਼ਣ ਤਹਿਤ ਪਿਛਲੇ ਤਿੰਨ ਸਾਲਾਂ ਦੀਆਂ ਗਤੀਵਿਧੀਆਂ ਦਾ ਲੇਖਾ ਜੋਖਾ ਕੀਤਾ ਗਿਆ ਹੈ ਤੇ ਮੌਜੂਦਾ ਸਿਆਸੀ ਪਰੀਪੇਖ ਦੇ ਲਿਹਾਜ ਨਾਲ ਇਨ੍ਹਾਂ ਨੂੰ ਪਰਖਿਆ ਗਿਆ ਹੈ।

ਹਾਲਾਂਕਿ ਹਾਊਸ ਆਫ ਕਾਮਨਜ਼ ਵਿੱਚ ਐਮਪੀਜ਼ ਵੱਲੋਂ ਬਿਆਨ ਦੇਣਾ ਤੇ ਸਵਾਲ ਪੁੱਛੇ ਜਾਣਾ ਭਾਈਚਾਰੇ ਨਾਲ ਜੁੜੇ ਮੁੱਦਿਆਂ ਨੂੰ ਉਠਾਉਣ ਦਾ ਇੱਕ ਰਾਹ ਹੀ ਹੈ ਪਰ ਇਹ ਬਹੁਤ ਹੀ ਅਹਿਮ ਮਾਮਲਾ ਹੈ। ਅਸੀਂ ਐਮਪੀਜ਼ ਵੱਲੋਂ ਉਠਾਏ ਗਏ ਸਿੱਖ ਮੁੱਦਿਆਂ ਦੀ ਗੱਲ ਕਰ ਰਹੇ ਹਾਂ ਪਰ ਅਸੀਂ ਹੇਠਾਂ ਦਿੱਤੇ ਚਾਰ ਮੁੱਦਿਆਂ ਉੱਤੇ ਵਧੇਰੇ ਧਿਆਨ ਕੇਂਦਰਿਤ ਕੀਤਾ :

- ਅਫਗਾਨੀ ਸਿੱਖ ਤੇ ਹਿੰਦੂ ਰਫਿਊਜੀਆਂ ਦੀ ਕੈਨੇਡਾ ਵਿੱਚ ਸੈਟਲਮੈਂਟ
- ਪਬਲਿਕ ਸੇਫਟੀ ਟੈਰਰ ਰਿਪੋਰਟ ਵਿੱਚ ਸਿੱਖ (ਖਾਲਿਸਤਾਨ) ਇੰਤਿਹਾਪਸੰਦੀ ਨੂੰ ਸ਼ਾਮਲ ਕੀਤਾ ਜਾਣਾ
- ਕਿਊਬਿਕ ਦਾ ਬਿੱਲ 21
- ਆਰਸੀਐਮਪੀ ਦਾ ਸਿੱਖਾਂ ਦੀ ਦਾੜ੍ਹੀ ਨਾਲ ਜੁੜਿਆ ਮਾਮਲਾ

ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ ਕਿ ਪਾਰਲੀਆਮੈਂਟ ਵਿੱਚ 17 ਸਿੱਖ ਐਮਪੀ (12 ਲਿਬਰਲ, 4 ਸੀਪੀਸੀ, 1 ਐਨਡੀਪੀ) ਹਨ ਪਰ ਸਿੱਖ ਮੁੱਦਿਆਂ ਨੂੰ ਸਹੀ ਢੰਗ ਨਾਲ ਉਠਾਉਣ ਵਾਲਿਆਂ ਵਿੱਚ ਕੰਜ਼ਰਵੇਟਿਵ ਐਮਪੀ ਗਾਰਨੈਂਟ ਜੈਨੂਅਸ (ਐਡਮੰਟਨ ਸ਼ੇਰਵੁੱਡ ਪਾਰਕ) ਸੱਭ ਤੋਂ ਮੋਹਰੀ ਰਹੇ ਹਨ। ਗਾਰਨੈਂਟ ਨੇ ਸਿੱਖ ਭਾਈਚਾਰੇ ਨਾਲ ਜੁੜੇ ਕਈ ਮਾਮਲੇ ਸਮੇਂ ਸਮੇਂ ਉੱਤੇ ਉਠਾਏ ਹਨ। ਇਨ੍ਹਾਂ ਵਿੱਚ ਅਫਗਾਨਿਸਤਾਨ ਵਿੱਚ ਸਿੱਖਾਂ ਦੀ ਹੋਣੀ, 2018 ਦੀ ਪਬਲਿਕ ਸੇਫਟੀ ਰਿਪੋਰਟ ਵਿੱਚ ਸਿੱਖ (ਖਾਲਿਸਤਾਨ) ਇੰਤਿਹਾਪਸੰਦੀ ਦੇ ਮਾਮਲੇ ਨੂੰ ਸ਼ਾਮਲ ਕੀਤਾ ਜਾਣਾ ਅਤੇ ਕਿਊਬਿਕ ਦਾ ਵਿਵਾਦਗ੍ਰਸਤ ਬਿੱਲ 21 ਸ਼ਾਮਲ ਹਨ। ਸਿੱਖਾਂ ਨਾਲ ਜੁੜੇ ਮੁੱਦਿਆਂ ਨੂੰ ਦੂਜੇ ਨੰਬਰ ਉੱਤੇ ਸੱਭ ਤੋਂ ਵੱਧ ਉਠਾਉਣ ਵਾਲਿਆਂ ਵਿੱਚ ਸਰ੍ਹੀ ਨਿਊਟਨ ਤੋਂ ਲਿਬਰਲ ਐਮਪੀ ਸੁੱਖ ਧਾਲੀਵਾਲ ਰਹੇ ਹਨ। ਇਨ੍ਹਾਂ ਵੱਲੋਂ ਹੀ ਸਿੱਖ ਹੈਰੀਟੇਜ ਮੰਥ ਐਕਟ ਦੀ ਪੈਰਵੀ ਕੀਤੀ ਗਈ ਤੇ ਹੁਣ ਇਹ ਹਰ ਸਾਲ ਅਪਰੈਲ ਵਿੱਚ ਮਨਾਇਆ ਜਾਂਦਾ ਹੈ।

ਉੱਪਰ ਦੱਸੇ ਗਏ ਮੁੱਦਿਆਂ ਤੋਂ ਇਲਾਵਾ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 2018 ਤੋਂ ਹੀ ਸਿਰਫ ਚਾਰ ਐਮਪੀਜ਼ ਵੱਲੋਂ 1984 ਦੀਆਂ ਦੁਖਾਂਤਕ ਘਟਨਾਵਾਂ ਬਾਰੇ ਗੱਲ ਕੀਤੀ ਗਈ ਅਤੇ ਸਿਰਫ ਇੱਕ ਐਮਪੀ ਐਨਡੀਪੀ ਦੀ ਟਰੇਸੀ ਰਾਮਸੇ (ਅਸੈਕਸ) ਨੇ 1984 ਸਿੱਖ ਨਸਲਕੁਸ਼ੀ ਟਰਮ ਦੀ ਵਰਤੋਂ ਕੀਤੀ। ਡਬਲਿਊ ਐਸ ਓ ਪਹਿਲਾਂ ਵੀ ਇਸ ਗੱਲ ਉੱਤੇ ਚਿੰਤਾ ਪ੍ਰਗਟ ਕਰ ਚੁੱਕੀ ਹੈ ਕਿ ਭਾਵੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ, 2014 ਵਿੱਚ ਲਿਬਰਲ ਪਾਰਟੀ ਦੇ ਆਗੂ ਵਜੋਂ ਭਾਰਤ ਸਰਕਾਰ ਤੋਂ ਇਹ ਮੰਗ ਕਰਨ ਲਈ ਬਿਆਨ ਜਾਰੀ ਕਰ ਚੁੱਕੇ ਹਨ ਕਿ ਭਾਰਤ ਸਰਕਾਰ 1984 ਦੇ ਦੰਗਿਆਂ ਦਾ ਦਰਦ ਹੰਢਾ ਰਹੇ ਲੋਕਾਂ ਲਈ ਸੱਚ ਤੇ ਇਨਸਾਫ ਦਾ ਟੀਚਾ ਜਾਰੀ ਰੱਖੇ। ਇਸ ਦੇ ਨਾਲ ਹੀ ਟਰੂਡੋ ਇਹ ਵੀ ਆਖ ਚੁੱਕੇ ਹਨ ਕਿ ਭਾਰਤ ਸਰਕਾਰ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਜਵਾਬਦੇਹੀ ਦੀ ਜ਼ਿੰਮੇਵਾਰੀ ਵੀ ਨਿਭਾਏ। ਪਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਵੱਲੋਂ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ।

ਇਸ ਤੋਂ ਇਲਾਵਾ ਇਹ ਵੀ ਵੇਖਣ ਵਿੱਚ ਆਇਆ ਹੈ ਕਿ ਮੁਸਲਿਮ ਪਾਰਲੀਆਮੈਂਟਰੀ ਕਾਕਸ, ਅਹਿਮਦੀਆ ਪਾਰਲੀਆਮੈਂਟਰੀ ਫਰੈਂਡਸ਼ਿਪ ਗਰੁੱਪ, ਕੈਨੇਡੀਅਨ ਤਮਿਲ ਫਰੈਂਡਸ਼ਿਪ ਗਰੁੱਪ ਤੇ ਇਸ ਤਰ੍ਹਾਂ ਦੇ ਕਈ ਹੋਰ ਗਰੁੱਪਜ਼ ਵੀ ਹਨ ਪਰ ਕੋਈ ਸਿੱਖ ਪਾਰਲੀਆਮੈਂਟਰੀ ਕਾਕਸ ਨਹੀਂ ਹੈ। ਸਿੱਖ ਕਾਕਸ ਯੂਕੇ ਤੇ ਯੂਐਸਏ ਵਿੱਚ ਹਨ ਪਰ ਅਜਿਹਾ ਗਰੁੱਪ ਕੈਨੇਡਾ ਵਿੱਚ ਕਾਇਮ ਕਰਨ ਦੀ ਮੰਗ ਅਜੇ ਤੱਕ ਸਵੀਕਾਰੀ ਨਹੀਂ ਗਈ ਹੈ।

ਨੁਮਾਇੰਦਗੀ ਨਾਲ ਯਕੀਨਨ ਫਰਕ ਪੈਂਦਾ ਹੈ ਪਰ ਉਦੋਂ ਜਦੋਂ ਸਾਡੇ ਨੁਮਾਇੰਦੇ ਅਜਿਹੇ ਮੁੱਦੇ ਸਾਰਿਆਂ ਦੇ ਸਾਹਮਣੇ ਲਿਆਉਣ ਜਿਹੜੇ ਸਾਡੇ ਲਈ ਜ਼ਰੂਰੀ ਹਨ।

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
(Government Approved Licensed Technician)
416 938 4598

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Send - Exchange - Receive
Toll Free: 1833 823 5439 | 647 783 0049

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ >>

ਇਮਰਾਨ ਖਾਨ ਦੇ ਲਈ ਹੈ ਬਣੀ ਔਕੜ,
ਧਿਰ ਵਿਰੋਧ ਦੀ ਹੈ 'ਕੱਠੀ ਹੋਈ ਮੀਆਂ।
ਆਪਸ ਵਿੱਚ ਸੀ ਉਨ੍ਹਾਂ ਦੀ ਕੌੜ ਜਿਹੜੀ,
ਸਭ ਨੇ ਅੰਦਰ ਇਹ ਕੁੱਲ ਲੁਕੋਈ ਮੀਆਂ।
ਇੱਕੋ ਈ ਗੱਲ ਕਿ ਘੇਰ ਇਮਰਾਨ ਲੈਣਾ,
ਜੜ੍ਹੀਂ ਅੱਕ ਜਾਂਦਾ ਉਹ ਹੀ ਚੋਈ ਮੀਆਂ।
ਭ੍ਰਿਸ਼ਟ ਆਖਦਾ ਪਿਆਉਹ ਦੂਜਿਆਂ ਨੂੰ,
ਆਪਣੀ ਲਾਹੀ ਹੈ ਜਾਪਦੀ ਲੋਈ ਮੀਆਂ।
ਜਰਨੈਲਾਂ ਵੱਲਇਮਰਾਨ ਨੇ ਫੋਨ ਕੀਤਾ,
ਬਹੁੜੀ ਭੀੜਾਂ ਤੋਂ ਆਉ ਬਚਾਉ ਮੀਆਂ।
ਫੌਜੀ ਆਊ ਤਾਂ ਕਹੂ ਉਹ ਸਾਰਿਆਂ ਨੂੰ,
ਸੱਤਾ ਛੱਡ ਕੇ ਘਰਾਂ ਵੱਲ ਜਾਉ ਮੀਆਂ।

**ਤੀਸ ਮਾਰ ਖਾਂ**

# ਕਿਸਾਨ ਜੱਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਨੂੰ ਅਸੈਂਬਲੀ ਸੈਸ਼ਨ ਸੱਦਣ ਲਈ ਦੋ ਟੁੱਕ ਚਿਤਾਵਨੀ

### * ਮੰਤਰੀ ਨੇ ਕਿਹਾ: ਲੜਾਈ ਲੜਦੇ ਕਿਸਾਨਾਂ ਦਾ ਨੁਕਸਾਨ ਨਾ ਕਰ ਬੈਠੀਏ

ਚੰਡੀਗੜ੍ਹ, 13 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਵਲੋਂਨਵੇਂ ਪਾਸ ਕੀਤੇ ਖੇਤੀ ਕਾਨੂੰਨਾਂ ਖ਼ਿਲਾਫ਼ ਆਰ-ਪਾਰ ਦੀ ਲੜਾਈਲੜਨ ਰੁੱਝੀਆਂ ਕਿਸਾਨ ਜਥੇਬੰਦੀਆਂ ਜਦੋਂ ਕੇਂਦਰ ਸਰਕਾਰ ਦੇ ਸੱਦੇ ਉੱਤੇ ਬੁੱਧਵਾਰ ਦਿੱਲੀ ਵਿੱਚ ਗੱਲਬਾਤ ਕਰਨ ਨੂੰ ਸਹਿਮਤ ਹੋਈਆਂ, ਓਦੋਂ ਮੰਗਲਵਾਰ ਸ਼ਾਮ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵੱਡੀ ਚਿਤਾਵਨੀ ਦੇ ਦਿੱਤੀ ਹੈ। ਇਸ ਸੰਬੰਧ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਸਾਫ ਕਿਹਾ ਕਿ ਜੇ ਪੰਜਾਬ ਸਰਕਾਰ ਬੁੱਧਵਾਰ ਦੀ ਕੈਬਨਿਟ ਮੀਟਿੰਗ ਵਿਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਕਰਨਬਾਰੇ ਕੋਈ ਫ਼ੈਸਲਾ ਨਹੀਂ ਲੈਂਦੀ ਤਾਂ ਕਾਂਗਰਸੀ ਆਗੂਆਂ ਨਾਲ ਵੀ ਕਿਸਾਨ ਉਹ ਹੀ ਵਿਹਾਰ ਕਰਨਗੇ, ਜਿਹੜਾ ਭਾਜਪਾ ਦੇ ਨੇਤਾਵਾਂ ਨਾਲ ਕੀਤਾ ਜਾ ਰਿਹਾ ਹੈ, ਕਿਉਂਕਿ ਕਿਸਾਨ ਸਿਰਫ ਲਾਰਿਆਂ ਦੀ ਖੇਤੀ ਨਹੀਂ ਚਾਹੁੰਦੇ।

ਰਾਜੇਵਾਲ ਨੇ ਦੋਸ਼ ਲਾਇਆ ਕਿ ਕਿਸਾਨ ਅੰਦੋਲਨ ਨੂੰ ਸੱਟ ਮਾਰਨ ਲਈਪੰਜਾਬ ਸਰਕਾਰ ਜਾਣ-ਬੁੱਝ ਕੇ ਬਿਜਲੀ ਸੰਕਟ ਦੇ ਬਹਾਨੇ ਲਾ ਰਹੀ ਹੈ। ਉਨ੍ਹਾਂ ਕਿਹਾ ਕਿ 10 ਦਿਨਾਂ ਵਿਚ ਪੰਜਾਬ ਵਿਚੋਂ ਕੋਲਾ ਨਹੀਂਮੁੱਕ ਸਕਦਾ। ਉਨ੍ਹਾਂ ਕਿਹਾ ਕਿ ਜਦੋਂ ਦੋ ਮਹੀਨੇ ਪਹਿਲਾਂ ਪੰਜਾਬ ਵਿਚ ਰੇਲਾਂ ਬਿਲਕੁੱਲ ਬੰਦ ਸਨ,ਓਦੋਂ ਏਥੇ ਕੋਲਾ ਖਤਮਕਿਉਂਨਾ ਹੋਇਆ। ਉਨ੍ਹਾ ਕਿਹਾ ਕਿ ਕਿਸਾਨ ਇਸ ਵਕਤ ਪੰਜਾਬ ਸਰਕਾਰ ਦੀ ਨੀਤੀ ਨੂੰ ਸਮਝਣ ਲੱਗੇ ਹਨ।

ਇਸ ਦੇ ਨਾਲ ਹੀ ਬਲਬੀਰ ਸਿੰਘ ਰਾਜੇਵਾਲ ਤੇ ਹੋਰ ਕਿਸਾਨ ਆਗੂਆਂ ਨੇ ਸੋਮਵਾਰ ਦੀ ਸ਼ਾਮ ਇੱਕ ਟੋਲ ਪਲਾਜ਼ਾ ਉੱਤੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਉੱਤੇ ਹੋਏ ਹਮਲੇਬਾਰੇ ਕਿਹਾ ਕਿ ਕਿਸਾਨ ਕਦੇ ਵੀ ਅਜਿਹਾ ਕੰਮ ਨਹੀਂ ਕਰ ਸਕਦੇ। ਉਨ੍ਹਾ ਕਿਹਾ ਕਿ ਭਾਜਪਾ ਆਗੂ ਖੁਦ ਆਖ ਚੁੱਕੇ ਹਨ ਕਿ ਹਮਲਾ ਕਰਨ ਵਾਲੇ ਕਿਸਾਨ ਨਹੀਂ ਸਨ। ਉਨ੍ਹਾਂ ਨੇ ਕਿਹਾ ਕਿ ਹਿੰਸਾ ਨਾਲ ਸਾਡਾ ਕੋਈ ਵਾਸਤਾ ਨਹੀਂ, ਅਸੀਂ ਸਿਰਫ ਕਾਲੀਆਂ ਝੰਡੀਆਂ ਨਾਲ ਆਪਣਾ ਵਿਰੋਧ ਕਰਦੇ ਹਾਂ ਅਤੇ ਅੱਗੇ ਵੀ ਇਸੇ ਤਰ੍ਹਾਂ ਦਾ ਵਿਰੋਧ ਕਰਦੇ ਰਹਾਂਗੇ।

ਦੂਸਰੇ ਪਾਸੇ ਕਿਸਾਨਾਂ ਨਾਲ ਗੱਲਬਾਤ ਲਈ ਬਣਾਈ ਪੰਜਾਬ ਦੇ ਮੰਤਰੀਆਂ ਦੀ ਕਮੇਟੀ ਦੇ ਮੋਹਰੀ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਮੁਕਤਸਰ ਸਾਹਿਬ ਵਿੱਚ ਕਿਹਾ ਕਿ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਉੱਤੇ ਹੋਇਆ ਹਮਲਾ ਬਹੁਤ ਨਿੰਦਣ ਯੋਗ ਹੈ, ਪਰ ਇਸ ਦਾ ਕਾਂਗਰਸ ਦਾ ਸੰਬੰਧਨਹੀਂ। ਉਨ੍ਹਾਂ ਕਿਹਾ ਕਿ ਕਾਂਗਰਸ ਬਾਰੇ ਏਦਾਂ ਸੋਚਣਾਭਾਜਪਾ ਦੀ ਗਲਤ ਸੋਚ ਹੈ, ਕਾਂਗਰਸ ਏਦਾਂਕਿਉਂ ਕਰੇਗੀ? ਉਨ੍ਹਾ ਨੇ ਕਿਹਾ ਕਿ ਕੇਂਦਰ ਸਰਕਾਰ ਨਵੇਂ ਪਾਸ ਕੀਤੇ ਕਾਨੂੰਨ ਵਾਪਸ ਲਵੇ,ਨਹੀਂ ਤਾਂ ਪੰਜਾਬ ਤੇ ਹਰਿਆਣਾ ਦੀ ਕਿਸਾਨੀ ਖ਼ਤਮ ਹੋ ਜਾਏਗੀ।



ਇਸ ਦੇ ਨਾਲ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚਮਸਾਂ ਚਾਰ-ਪੰਜ ਦਿਨ ਦਾ ਕੋਲਾ ਅਤੇ ਖਾਦ ਵੀ ਥੋੜ੍ਹੀ ਹੈ। ਅਸੀਂ ਕਿਸਾਨਾਂ ਲਈ ਲੜ ਰਹੇ ਹਾਂ, ਪਰ ਧਿਆਨ ਰੱਖੀਏ ਕਿ ਕਿਸਾਨਾਂ ਦੀ ਲੜਾਈ ਲੜਦੇ ਕਿਤੇ ਕਿਸਾਨਾਂ ਦਾ ਨੁਕਸਾਨ ਨਾ ਕਰ ਬੈਠੀਏ। ਬਾਜਵਾ ਨੇ ਕਿਹਾ ਕਿ ਕਿਸਾਨ ਆਗੂ ਸਿਆਣੇ ਹਨ ਅਤੇ ਉਹ ਕਿਸਾਨਾਂ ਦੀ ਲੜਾਈ ਲੜ ਰਹੇ ਹਨ। ਵਿਧਾਨ ਸਭਾ ਸੈਸ਼ਨ ਬਾਰੇ ਉਨ੍ਹਾਂ ਕਿਹਾ ਕਿਜਦੋਂ ਅਸੀਂ ਸੈਸ਼ਨ ਬੁਲਾਇਆ ਸੀ, ਅਕਾਲੀ ਦਲ ਸਦਨ ਵਿੱਚੋਂ ਗੈਰ-ਹਾਜ਼ਰ ਸੀ, ਪਰ ਜਦੋਂ ਕੇਂਦਰ ਸਰਕਾਰ ਨੇ ਕਿਸਾਨ ਮਾਰੂ ਕਾਨੂੰਨ ਪਾਸ ਕੀਤੇ ਤਾਂ ਅਕਾਲੀ ਦਲ ਦੀ ਵਜ਼ੀਰ ਬੀਬੀ ਖੁਦ ਕੇਂਦਰੀ ਕੈਬਨਿਟ ਵਿੱਚ ਬੈਠੀ ਸੀ, ਜਿੱਥੇ ਇਹ ਬਿੱਲ ਪਾਸ ਹੋਏ ਸੀ। ਕੇਂਦਰ ਤੋਂ ਖੁਦ ਬਿੱਲ ਪਾਸ ਕਰਵਾ ਕੇ ਅਕਾਲੀ ਦਲ ਸਖ਼ਤ ਨਾਅਰੇ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਸੈਸ਼ਨ ਸੱਦਣਾ ਵੱਡੀ ਗਲ ਨਹੀਂ, ਵੱਡੀ ਗੱਲ ਇਹ ਹੈ ਕਿ ਓਥੇ ਪਾਸ ਕੀ ਕਰਨਾ ਹੈ।

## ਬਰਗਾੜੀ-ਬਹਿਬਲ ਕਲਾਂ ਕਾਂਡ: ਕੁੰਵਰ ਵਿਜੇ ਪ੍ਰਤਾਪ ਨੂੰ ਪੰਜਾਬ ਸਰਕਾਰ ਐੱਸ ਆਈ ਟੀ ਤੋਂ ਨਹੀਂ ਹਟਾਏਗੀ

ਚੰਡੀਗੜ੍ਹ, 13 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਹਾਈਕੋਰਟ ਵਿੱਚ ਜਵਾਬ ਦਾਇਰ ਕਰ ਕੇ ਸਾਫ਼ ਕਰ ਦਿੱਤਾ ਹੈ ਕਿ ਬਰਗਾੜੀ ਦੇ ਬੇਅਦਬੀ ਕਾਂਡ ਪਿੱਛੋਂ ਹੋਏ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡਾਂ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ)ਤੋਂ ਆਈਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਨਹੀਂਹਟਾਇਆ ਜਾਵੇਗਾ।

ਪੰਜਾਬ ਦੇ ਗ੍ਰਹਿ ਵਿਭਾਗ ਦੇ ਸੈਕਟਰੀਅਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੇ ਮੰਗਲਵਾਰ ਨੂੰ ਹਾਈਕੋਰਟ ਵਿੱਚ ਆਪਣਾ ਜਵਾਬ ਸੌਂਪ ਕੇ ਦੱਸਿਆ ਕਿ ਜੇ ਇਸ ਤਰ੍ਹਾਂ ਦੇ ਦੋਸ਼ਾਂ ਨਾਲ ਐੱਸ ਆਈ ਟੀ ਵਿੱਚ ਬਦਲਾਅ ਕੀਤਾ ਗਿਆ ਤਾਂ ਇਸ ਨਾਲ ਨਾ ਸਿਰਫ ਇਸ ਬੇਹੱਦ ਸੰਵੇਦਨਸ਼ੀਲ ਕੇਸ ਦੀ ਜਾਂਚ ਪ੍ਰਭਾਵਤ ਹੋਵੇਗੀ, ਸਗੋਂ ਜਾਂਚ ਕਰ ਰਹੀ ਐੱਸ ਆਈ ਟੀ ਦਾ ਮਨੋਬਲ ਟੁੱਟ ਜਾਵੇਗਾ। ਜਸਟਿਸ ਅਸ਼ੋਕ ਕੁਮਾਰ ਵਰਮਾ ਨੇ ਇਸ ਜਵਾਬ ਨੂੰ ਰਿਕਾਰਡ ਵਿੱਚ ਲੈਂਦੇ ਹੋਏ ਇਸ ਕੇਸ ਬਾਰੇ ਦਾਇਰ ਪਟੀਸ਼ਨ ਉੱਤੇ 28 ਅਕਤੂਬਰ ਤਕ ਸੁਣਵਾਈ ਮੁਲਤਵੀ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਪੰਜਾਬ ਦੇ ਹੋਮ ਸੈਕਟਰੀ ਅਰੁਣ ਸੇਖੜੀ ਅਤੇ ਡੀਜੀਪੀ ਦਿਨਕਰ ਗੁਪਤਾ ਨੇ ਆਪਣਾ ਜਵਾਬ ਬੇਅਦਬੀ ਕੇਸ ਦੇ ਦੋਸ਼ੀ ਇੰਸਪੈਕਟਰ ਗੁਰਦੀਪ ਸਿੰਘ ਵੱਲੋਂ ਇਸ ਕੇਸ ਦੀ ਜਾਂਚ ਕਰਦੀ ਐੱਸ ਆਈ ਟੀਤੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਹਟਾਉਣ ਦੀ ਮੰਗ ਲਈ ਦਾਇਰ ਅਰਜ਼ੀ ਦੇ ਜਵਾਬ ਵਿੱਚ ਦਿੱਤਾ ਹੈ। ਗੁਰਦੀਪ ਸਿੰਘ ਨੇ ਹਾਈਕੋਰਟਨੂੰ ਅਰਜ਼ੀ ਦੇ ਕੇ ਕਿਹਾ ਸੀ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਇਸ ਕੇਸ ਦੀ ਜਾਂਚ ਸਿਆਸੀ ਸਰਪ੍ਰਸਤੀ ਵਿੱਚ ਕਰ ਰਹੇ ਹਨ ਤੇ ਉਨ੍ਹਾਂ ਦਾ ਰੁਖ ਪਟੀਸ਼ਨਰਵੱਲਵਿਤਕਰੇ ਵਾਲਾ ਹੈ। ਉਸ ਨੇ ਕਿਹਾ ਸੀ ਕਿ ਪਹਿਲਾਂ ਜਦੋਂ ਪਟੀਸ਼ਨਰ ਨੇ ਇਸ ਬਾਰੇ ਦਰਜ ਸ਼ਿਕਾਇਤ (ਐੱਫਆਈਆਰ) ਰੱਦ ਕਰਨ ਦੀ ਮੰਗ ਵਾਸਤੇ ਹਾਈਕੋਰਟ ਵਿੱਚਅਰਜ਼ੀ ਦਾਇਰ ਕੀਤੀ ਸੀ ਤਾਂ ਉਦੋਂ ਵੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਉਨ੍ਹਾਂ ਨੂੰ ਇਹ ਪਟੀਸ਼ਨ ਵਾਪਸ ਲੈਣ ਦੀ ਧਮਕੀ ਦਿੱਤੀ ਸੀ। ਇਸ ਲਈ ਪਟੀਸ਼ਨਰ ਨੇ ਕੇਸ ਦੀ ਜਾਂਚ ਕਰਦੀ ਐੱਸ ਆਈ ਟੀਵਿੱਚੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਹਟਾਉਣ ਦੀ ਮੰਗ ਕੀਤੀ ਸੀ। ਪਿਛਲੀ ਸੁਣਵਾਈਮੌਕੇਕੋਰਟ ਨੇ ਪੰਜਾਬ ਸਰਕਾਰ ਅਤੇ ਪੁਲਸ ਮੁਖੀ ਨੂੰ ਪੁੱਛਿਆ ਸੀ ਕਿ ਐੱਸ ਆਈ ਟੀ ਵਿੱਚ ਬਦਲਾਅ ਹੋ ਸਕਦਾ ਹੈ ਜਾਂ ਨਹੀਂ। ਇਸਦੇ ਬਾਅਦ ਪੰਜਾਬ ਸਰਕਾਰ ਅਤੇ ਡੀਜੀਪੀ ਨੇ ਅੱਜ ਹਾਈਕੋਰਟ ਵਿੱਚ ਆਪਣਾ ਜਵਾਬ ਦੇਂਦੇ ਹੋਏ ਕਿਹਾ ਕਿ ਪਟੀਸ਼ਨਰ ਇਕ ਸੰਗੀਨ ਕੇਸ ਦਾ ਦੋਸ਼ੀ ਹੈ, ਉਹ ਜਾਂਚ ਕਰਦੀ ਐੱਸ ਆਈ ਟੀ ਉੱਤੇ ਦੋਸ਼ ਕਿਸ ਤਰ੍ਹਾਂ ਲਾ ਸਕਦਾ ਹੈ।

## ਕਿਸਾਨਾਂ ਨੂੰ ਅੱਤਵਾਦੀ ਕਹਿਣ ਉੱਤੇ ਫਿਲਮ ਸਟਾਰ ਕੰਗਨਾ ਰਣੌਤ ਖ਼ਿਲਾਫ਼ ਕੇਸ ਦਰਜ

### * ਕੰਗਨਾ ਨੇ ਮਹਾਰਾਸ਼ਟਰ ਸਰਕਾਰ ਨੂੰ ਵੀ 'ਗੁੰਡਾ ਸਰਕਾਰ' ਕਿਹਾ

ਨਵੀਂ ਦਿੱਲੀ, 13 ਅਕਤੂਬਰ, (ਪੋਸਟ ਬਿਊਰੋ)- ਬਾਲੀਵੁੱਡ ਦੀ ਐਕਟਰੈੱਸ ਕੰਗਨਾ ਰਣੌਤ ਦੇ ਖ਼ਿਲਾਫ਼ ਅੱਜ ਕਰਨ-ਾਟਕ ਦੇ ਤੁਮਕੁਰ ਜ਼ਿਲ੍ਹੇ ਵਿੱਚ ਇੱਕ ਕੇਸ ਦਰਜ ਹੋਇਆ ਹੈ, ਕਿਉਂਕਿ ਉਸ ਨੇ ਕੇਂਦਰ ਸਰਕਾਰ ਦੇ ਵਿਵਾਦਤ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਪ੍ਰਦਰਸ਼ਨ ਕਰਦੇ ਕਿਸਾਨਾਂ ਨੂੰ ਇੱਕ ਟਵੀਟ ਦੇ ਦੌਰਾਨ ਅੱਤਵਾਦੀ ਕਿਹਾ ਸੀ।

ਦੱਸਿਆ ਗਿਆ ਹੈ ਕਿ ਫਿਲਮ ਸਟਾਰ ਕੰਗਨਾ ਦਾ ਇਹ ਟਵੀਟ ਕਿਸਾਨਾਂ ਵੱਲੋਂ ਕੀਤੇ ਗਏ ਵਿਰੋਧ ਪ੍ਰਦਰਸ਼ਨ ਬਾਰੇ ਸੀ, ਜਿਸ ਕਾਰਨ ਕੰਗਨਾ ਉੱਤੇ ਕਿਸਾਨਾਂ ਦੇ ਬੇਇੱਜ਼ਤੀ ਕਰਨ ਦਾ ਦੋਸ਼ ਲੱਗਾ ਹੈ। ਇੱਕ ਸਥਾਨਕ ਅਦਾਲਤ ਦੇ ਆਦੇਸ਼ ਦੇ ਆਧਾਰ ਉੱਤੇ ਸੋਮਵਾਰ ਨੂੰ ਕਰਨਾਟਕ ਦੇ ਤੁਮਕੁਰ ਜ਼ਿਲ੍ਹੇ ਦੀ ਪੁਲਸ ਨੇ ਇਹਕੇਸ ਦਰਜ ਕੀਤਾ ਸੀ। ਵਕੀਲ ਐੱਲ ਰਮੇਸ਼ ਨਾਇਕ ਵੱਲੋਂ ਕੀਤੀ ਸ਼ਿਕਾਇਤ ਉੱਤੇ ਜੁਡੀਸ਼ਲ ਮੈਜਿਸਟਰੇਟ ਫਸਟ ਕਲਾਸ ਨੇ ਕਿਆਥਾਸਾਂਦਰਾ ਥਾਣੇ ਦੇ ਇੰਸਪੈਕਟਰ ਨੂੰ ਕੰਗਣਾ ਦੇ ਖ਼ਿਲਾਫ਼ ਕੇਸ ਦਰਜ ਕਰਨ ਲਈ ਕਿਹਾ ਸੀ। ਕੋਰਟ ਦੀ ਰਾਏਹੈ ਕਿ ਸ਼ਿਕਾਇਤ ਕਰਤਾ ਨੇ ਸੀ ਆਰ ਪੀ ਸੀ ਕਾਨੂੰਨ ਦੀ ਧਾਰਾ 155 (3) ਹੇਠ ਅਰਜ਼ੀ ਦੇ ਕੇ ਕੰਗਨਾ ਰਣੌਤ ਖਿਲਾਫ ਜਾਂਚ ਦੀ ਮੰਗ ਕੀਤੀ ਹੈ। ਪੁਲਸ ਨੇ ਮੰਗਲਵਾਰ ਨੂੰ ਦੱਸਿਆ ਕਿ ਲੋਕਲ ਅਦਾਲਤ ਦੇ ਤਾਜ਼ਾ ਆਦੇਸ਼ਉੱਤੇਤੁਮਕੁਰ ਜ਼ਿਲ੍ਹੇ ਵਿੱਚਕੇਸ ਦਰਜ ਕੀਤਾ ਗਿਆਹੈ, ਜਿਸ ਵਿੱਚ ਕੰਗਨਾ ਖ਼ਿਲਾਫ਼ ਇੰਡੀਅਨ ਪੀਨਲ ਕੋਡ ਦੀਆਂ ਧਾਰਾਵਾਂ (108) (ਦੋਸ਼ੀ), ਇੱਕ ਵਿਸ਼ੇਸ਼ ਭਾਈਚਾਰੇ ਉੱਤੇਮੰਦ-ਭਾਵਨਾ (153ੳ) ਅਤੇ ਜਾਣ-ਬੁੱਝ ਕੇ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਬੇਇੱਜ਼ਤੀ ਕਰਨ ਦੇ ਲਈ ਧਾਰਾ 504 ਦਾਕੇਸ ਦਰਜ ਕੀਤਾ ਹੈ। ਤੁਮਕੁਰਜੁਡੀਸ਼ਲ ਮੈਜਿਸਟਰੇਟ ਫਸਟ ਕਲਾਸਨੇ 9 ਅਕਤੂਬਰ ਨੂੰ ਪੁਲਸ ਨੂੰ ਵਕੀਲ ਐੱਲ ਰਮੇਸ਼ ਨਾਇਕ ਵੱਲੋਂਮਿਲੀ ਸ਼ਿਕਾਇਤ ਉੱਤੇਕੇਸ ਦਰਜ ਕਰਨ ਦਾ ਹੁਕਮ ਦਿੱਤਾ ਸੀ।

ਪਤਾ ਲੱਗਾ ਹੈ ਕਿ ਭਾਰਤ ਵਿੱਚਖੇਤੀ ਬਿੱਲਾਂ ਦੇ ਖ਼ਿਲਾਫ਼ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਬਾਰੇ ਕੰਗਨਾ ਰਣੌਤ ਨੇ ਇੱਕ ਟਵੀਟ ਕਰ ਕੇ ਲਿਖਿਆ ਸੀ: 'ਜਿਨ੍ਹਾਂ ਲੋਕਾਂ ਨੇ ਸੀ ਏ ਏ (ਨਾਗਰਿਕਤਾ ਸੋਧ ਕਾਨੂੰਨ) ਦੇ ਖ਼ਿਲਾਫ਼ ਗਲਤ ਸੂਚਨਾ ਫੈਲਾਈ ਸੀ ਅਤੇ ਜਿਸ ਕਾਰਨ ਦੰਗੇ ਹੋਏ ਸਨ, ਅੱਜ ਉਹੀ ਲੋਕ ਕਿਸਾਨ ਬਿੱਲਾਂ ਬਾਰੇ ਗਲਤ ਜਾਣਕਾਰੀ ਫੈਲਾ ਰਹੇ ਹਨ ਅਤੇ ਦੇਸ਼ ਵਿੱਚ ਅੱਤਵਾਦ ਪੈਦਾ ਕਰ ਰਹੇ ਹਨ। ਉਹ ਅੱਤਵਾਦੀ ਹਨ।' ਬਾਅਦ ਵਿੱਚ ਇਹ ਟਵੀਟ ਕੰਗਨਾ ਦੇ ਅਕਾਊਂਟ ਤੋਂ ਡਿਲੀਟ ਵੀ ਕਰ ਦਿੱਤਾ ਗਿਆ ਸੀ, ਪਰ ਓਦੋਂ ਤੱਕ ਇਸ ਨਾਲ ਵਿਵਾਦ ਛਿੜ ਚੁੱਕਾ ਸੀ।

ਇਸ ਦੌਰਾਨ ਅੱਜ ਫਿਰ ਕੰਗਨਾ ਰਣੌਤ ਨੇ ਮਹਾਰਾਸ਼ਟਰ ਸਰਕਾਰ ਉੱਤੇ ਹਮਲਾ ਬੋਲਿਆ ਅਤੇ ਉਧਵ ਠਾਕਰੇ ਦੀ ਸਰਕਾਰ ਨੂੰ 'ਗੁੰਡਾ ਸਰਕਾਰ' ਕਿਹਾ ਹੈ। ਉਸ ਨੇ ਕਿਹਾ ਕਿ ਗੁੰਡਿਆਂ ਨੇ ਬਾਰ ਅਤੇ ਰੈਸਟੋਰੈਂਟ ਖੋਲ੍ਹ ਦਿੱਤੇ, ਪਰ ਮੰਦਰਾਂ ਨੂੰ ਬੰਦ ਰੱਖਿਆ ਹੈ। ਵਰਨਣ ਯੋਗ ਹੈ ਕਿ ਕੰਗਨਾ ਦੀ ਇਹ ਪ੍ਰਤੀਕਿਰਿਆ ਮਹਾਰਾਸ਼ਟਰ ਵਿੱਚ ਮੰਦਰ ਖੋਲ੍ਹਣ ਬਾਰੇ ਗਵਰਨਰਵੱਲੋਂ ਮਹਾਰਾਸ਼ਟਰ ਸਰਕਾਰ ਨੂੰ ਲਿਖੀ ਚਿੱਠੀ ਤੋਂ ਬਾਅਦ ਆਈ ਹੈ। ਕੰਗਨਾ ਨੇ ਟਵੀਟ ਕੀਤਾ ਕਿ ਇਹ ਜਾਣ ਕੇ ਵਧੀਆ ਲੱਗਾ ਕਿ ਗਵਰਨਰ ਸੱਜਣ ਵਿਅਕਤੀ ਹਨ ਅਤੇ ਉਨ੍ਹਾ ਨੇ ਗੁੰਡਾ ਸਰਕਾਰ ਤੋਂ ਪੁੱਛਗਿੱਛ ਕੀਤੀ ਹੈ। ਗੁੰਡਿਆਂ ਨੇ ਬਾਰ ਅਤੇ ਰੈਸਟੋਰੈਂਟ ਖੋਲ੍ਹ ਦਿੱਤੇ ਹਨ, ਪਰ ਮੰਦਰਾਂ ਨੂੰ ਰਣਨੀਤਕ ਰੂਪ ਨਾਲ ਬੰਦ ਰੱਖਿਆ ਹੈ। ਸੋਨੀਆ ਫੌਜ, ਬਾਬਰ ਫੌਜ ਤੋਂਵੱਧ ਭੈੜਾ ਸਲੂਕ ਕਰ ਰਹੀ ਹੈ।' ਉਸ ਦੇ ਇਸ ਟਵੀਟ ਕਾਰਨ ਵੀ ਵਿਵਾਦ ਛਿੜ ਗਿਆ ਹੈ।

ਅਸਲ ਵਿੱਚ ਕੋਰੋਨਾ ਵਾਇਰਸ ਦੇ ਲਗਾਤਾਰ ਵਧਦੇ ਕੇਸਾਂ ਦੌਰਾਨ ਮਹਾਰਾਸ਼ਟਰ ਵਿੱਚ ਧਾਰਮਿਕ ਥਾਂ ਖੋਲ੍ਹਣ ਬਾਰੇ ਰਾਜਨੀਤੀ ਹੋ ਰਹੀ ਹੈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਉਧਵ ਠਾਕਰੇ ਨੇ ਗਵਰਨਰ ਭਗਤ ਸਿੰਘ ਕੋਸ਼ਿਆਰੀ ਨੂੰ ਅੱਜ ਇੱਕ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਰਾਜ ਵਿੱਚ ਕੋਵਿਡ-19 ਦੇ ਹਾਲਾਤ ਦੀ ਪੂਰੀ ਸਮੀਖਿਆ ਕਰਨ ਤੋਂ ਬਾਅਦ ਧਾਰਮਿਕ ਸਥਾਨਾਂ ਨੂੰ ਮੁੜ ਕੇ ਖੋਲ੍ਹਣ ਦਾ ਫੈਸਲਾ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਕੰਗਨਾ ਰਣੌਤ ਫਿਲਮ ਇੰਡਸਟਰੀ ਦੇ ਲੋਕਾਂਖਿਲਾਫ ਟਵੀਟ ਕੀਤਾ ਸੀ। ਬਾਲੀਵੁੱਡ ਦੇ 34 ਵੱਡੇ ਨਿਰਮਾਤਾਵਾਂ ਨੇ ਰਿਪਬਲਿਕ ਟੀ ਵੀ ਦੇ ਅਰਣਬ ਗੋਸਵਾਮੀ, ਪ੍ਰਦੀਪ ਭੰਡਾਰੀ, ਟਾਈਮਜ਼ ਨਾਓ ਦੇ ਰਾਹੁਲ ਸ਼ਿਵਸ਼ੰਕਰ ਤੇ ਨਵਿਕਾ ਕੁਮਾਰ ਦੇ ਖ਼ਿਲਾਫ਼ ਗੈਰ-ਜ਼ਿੰਮੇਦਾਰਾਨਾ ਰਿਪੋਰਟਿੰਗ ਦੇ ਕਾਰਨ ਦਿੱਲੀ ਹਾਈ ਕੋਰਟ ਵਿੱਚਕੇਸ ਦਾਇਰ ਕੀਤਾ ਹੈ। ਇਸ ਬਾਰੇ ਕੰਗਨਾ ਨੇ ਕਈ ਟਵੀਟ ਕੀਤੇ ਅਤੇ ਕਿਹਾ ਸੀ ਕਿ ਬਾਲੀਵੁੱਡ ਡਰੱਗਜ਼, ਐਕਸਪਲਾਇਟੇਸ਼ਨ, ਨੈਪੋਟਿਜ਼ਮ ਅਤੇ ਧਾਰਮਿਕ ਲੜਾਈ ਦਾ ਗਟਰ ਹੈ। ਇਸ ਗਟਰ ਨੂੰ ਸਾਫ਼ ਕਰਨ ਦੀ ਥਾਂ ਇਸ ਨੂੰ ਬੰਦ ਕੀਤਾ ਹੋਇਆ ਹੈ।

## ਸ਼ਹੀਦ ਭਗਤ ਸਿੰਘ ਵਿਰੁੱਧ ਮਾੜੇ ਸ਼ਬਦਾਂ ਕਾਰਨ ਜੱਸੀ ਜਸਰਾਜ ਖਿਲਾਫ ਕੇਸ ਦਰਜ

ਲੁਧਿਆਣਾ, 13 ਅਕਤੂਬਰ, (ਪੋਸਟ ਬਿਊਰੋ)- ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂਉੱਤੇ ਭਾਰਤ ਦੇ ਲੋਕਾਂ ਦੇ ਦਿਲ ਧੜਕਣ ਲੱਗਦੇ ਹਨ, ਪਰ ਇੱਕ ਪੰਜਾਬੀ ਗਾਇਕ ਉੱਤੇ ਸ਼ਹੀਦ ਭਗਤ ਸਿੰਘ ਬਾਰੇ ਗਲਤ ਸ਼ਬਦ ਬੋਲਣ ਦਾ ਦੋਸ਼ ਲੱਗਾ ਹੈ। ਸ਼ਹੀਦ ਭਗਤ ਸਿੰਘ ਉੱਤੇ ਗ਼ਲਤ ਨਾਅਰੇਬਾਜ਼ੀ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਕਰਨ ਉੱਤੇ ਗਾਇਕ ਜੱਸੀ ਜਸਰਾਜ ਦੇ ਖ਼ਿਲਾਫ਼ ਥਾਣਾ ਡਵੀਜ਼ਨ ਨੰਬਰ 8 ਦੀ ਪੁਲਿਸ ਨੇ ਨਿਊ ਉਪਕਾਰ ਨਗਰ ਦੇ ਵਸਨੀਕ ਅਮਰ ਸ਼ਹੀਦ ਸੁਖਦੇਵ ਵੈੱਲਫੇਅਰ ਸੁਸਾਈਟੀ ਦੇ ਪ੍ਰਧਾਨ ਵਿਸ਼ਾਲ ਨਈਅਰ ਦੇ ਬਿਆਨਾਂ ਉੱਤੇ ਕੇਸ ਦਰਜ ਕੀਤਾ ਹੈ।

ਇਸ ਬਾਰੇ ਵਿਸ਼ਾਲ ਨਈਅਰ ਨੇ ਕਿਹਾ ਕਿ ਗਾਇਕ ਜੱਸੀ ਜਸਰਾਜ ਨੇ ਸ਼ਹੀਦ ਭਗਤ ਸਿੰਘ ਦੇ ਨਾਂ ਉੱਤੇ ਗ਼ਲਤ ਨਾਅਰੇਬਾਜ਼ੀ ਕਰ ਕੇ ਵੀਡੀਓ ਵਾਇਰਲ ਕੀਤੀ ਹੈ।ਵੀਡੀਓ ਵਾਇਰਲ ਹੋਣ ਉੱਤੇ ਹੋਰ ਲੋਕਾਂ ਨੇ ਵੀ ਸ਼ਹੀਦ ਦੇ ਪਰਿਵਾਰ ਦਾ ਮਜ਼ਾਕ ਉਡਾਇਆ ਹੈ। ਵਿਸ਼ਾਲ ਨਈਅਰ ਨੇ ਦੱਸਿਆ ਕਿ ਜੱਸੀ ਜਸਰਾਜ ਦੀ ਇਸ ਹਰਕਤ ਕਾਰਨ ਜਨਤਾ ਦੇ ਮਨਾਂ ਨੂੰ



ਠੇਸ ਪਹੁੰਚੀ ਹੈ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਉਨ੍ਹਾਂ ਨੂੰ ਇਸ ਦਾ ਬੇਹੱਦ ਦੁੱਖ ਲੱਗਾ ਹੈ। ਉਨ੍ਹਾ ਨੇ ਇਸ ਬਾਰੇ ਜੱਸੀ ਜਸਰਾਜ ਦੇ ਖ਼ਿਲਾਫ਼ ਥਾਣਾ ਡਵੀਜ਼ਨ ਨੰਬਰ ਅੱਠ ਦੀ ਪੁਲਿਸ ਨੂੰ ਸ਼ਿਕਾਇਤ ਦਿੱਤੀ। ਇਸ ਕੇਸਦੇਜਾਂਚਅਧਿਕਾਰੀ ਏ ਐੱਸਆਈ ਧਰਮਵੀਰ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਨੇ ਵਿਸ਼ਾਲ ਨਈਅਰ ਦੇ ਬਿਆਨਾਂ ਉੱਤੇਕੇਸ ਦਰਜ ਕਰ ਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਮਾਈਕ੍ਰੋਸਾਫਟ ਨੇ ਡਿਜੀਟਲ ਨੈੱਟਵਰਕ ਖ਼ਿਲਾਫ਼ ਕਦਮ ਉਠਾਇਆ

### * ਹੈਕਿੰਗ ਤੇ ਰੈਨਸਮਵੇਅਰ ਖਿਲਾਫ ਕਾਰਵਾਈ ਸ਼ੁਰੂ

ਵਾਸ਼ਿੰਗਟਨ, 13 ਅਕਤੂਬਰ, (ਪੋਸਟ ਬਿਊਰੋ)- ਦੁਨੀਆ ਦੀ ਪ੍ਰਮੁੱਖ ਆਈਟੀ ਕੰਪਨੀ ਮਾਈਕ੍ਰੋਸਾਫਟ ਨੇ ਸੰਸਾਰ ਭਰ ਦੇ 10 ਲੱਖ ਤੋਂਵੱਧ ਕੰਪਿਊਟਰਾਂ ਦੀ ਮਦਦ ਨਾਲ ਬੈਂਕ ਖਾਤਿਆਂ ਵਿੱਚੋਂ ਪੈਸੇ ਕੱਢਣ ਅਤੇ ਰੈਨਸਮਵੇਅਰ ਦੀ ਵਰਤੋਂ ਕਰਨ ਵਾਲੇ ਵੱਡੇ ਸਾਈਬਰ ਕਰਾਈਮ ਡਿਜੀਟਲ ਨੈੱਟਵਰਕਖਿਲਾਫ ਕਾਨੂੰਨੀ ਕਾਰਵਾਈ ਦਾ ਐਲਾਨ ਕੀਤਾ ਹੈ। ਮਾਹਰਾਂ ਦਾ ਇਹ ਵੀ ਕਹਿਣਾ ਹੈ ਕਿ ਇਸ ਨੈੱਟਵਰਕਦੇ ਕਾਰਨ ਅਮਰੀਕਾ ਵਿੱਚ ਰਾਸ਼ਟਰਪਤੀ ਦੀ ਚੋਣ ਨੂੰ ਵੀ ਖ਼ਤਰਾ ਹੈ।


ਮਾਈਕ੍ਰੋਸਾਫਟ ਨੇ ਵਰਜੀਨੀਆ ਦੀ ਫੈਡਰਲ ਅਦਾਲਤ ਦੇ ਛੇ ਅਕਤੂਬਰ ਦੇ ਆਦੇਸ਼ ਪਿੱਛੋਂ ਕੌਮਾਂਤਰੀ ਅਪਰਾਧਿਕ ਨੈੱਟਵਰਕ ਦੇ ਕਮਾਂਡ ਤੇ ਕੰਟਰੋਲ ਸਰਵਰ ਦੇ ਖ਼ਿਲਾਫ਼ ਕਾਰਵਾਈ ਸ਼ੁਰੂ ਕੀਤੀ ਹੈ। ਇਹ ਨੈੱਟਵਰਕਹੀ ਕੰਪਿਊਟਰਾਂ ਵਿੱਚ ਮਾਲਵੇਅਰ ਪਾਉਣ ਲਈ 'ਟ੍ਰਿਕ ਬੋਟ' ਦੀ ਵਰਤੋਂ ਕਰਦਾ ਹੈ। ਮਾਈਕ੍ਰੋਸਾਫਟ ਦੀ ਦਲੀਲ ਹੈ ਕਿ ਅਪਰਾਧਿਕ ਨੈੱਟਵਰਕਅਸਲ ਵਿੱਚ ਉਸ ਦੇ ਟਰੇਡਮਾਰਕ ਦੀ ਦੁਰਵਰਤੋਂ ਕਰਦਾ ਹੈ। ਨੈੱਟਵਰਕ ਦੇ ਕਮਾਂਡ ਤੇ ਕੰਟਰੋਲ ਸਰਵਰਾਂ ਉੱਤੇ ਨਿਸ਼ਾਨਾ ਸਾਧਣ ਲਈ ਮਾਈਕ੍ਰੋਸਾਫਟ ਨਾਲ ਸਾਂਝ ਕਰਨ ਵਾਲੀਆਂ ਸਾਈਬਰ ਸੁਰੱਖਿਆ ਫਰਮਾਂ ਵਿੱਚ ਸ਼ਾਮਲ ਈ ਐੱਸਈ ਟੀ ਦੇ ਥ੍ਰੈਟ ਰਿਸਰਚ (ਧਮਕੀਆਂ ਬਾਰੇ ਖੋਜ) ਦੇ ਮੁਖੀ ਜੀਨ ਇਆਨ ਬੋਏਟਿਨ ਨੇ ਕਿਹਾ ਕਿ 'ਇਹ ਦੱਸਣਾ ਮੁਸ਼ਕਲ ਹੋਵੇਗਾ ਕਿ ਇਹ ਕਿੰਨਾ ਅਸਰਦਾਰ ਹੋਵੇਗਾ।' ਫਿਰ ਵੀ ਉਨ੍ਹਾਂ ਨੇ ਇਹ ਭਰੋਸਾ ਪ੍ਰਗਟ ਕੀਤਾ ਹੈ ਕਿ ਇਸ ਦਾ ਅਸਰ ਲੰਬੀ ਮਿਆਦ ਦਾ ਹੋਵੇਗਾ। ਸਾਈਬਰ ਸੁਰੱਖਿਆ ਮਾਹਰਾਂ ਨੇ ਕਿਹਾ ਕਿ ਅਮਰੀਕੀ ਅਦਾਲਤ ਦੀ ਵਰਤੋਂ ਕਰ ਕੇ ਇਸ ਨੈੱਟਵਰਕ ਦੇ ਸਰਵਰਾਂ ਨੂੰ ਹਟਾਉਣ ਲਈ ਇੰਟਰਨੈੱਟ ਪ੍ਰੋਵਾਈਡਰਜ਼ ਨੂੰ ਮਨਾਉਣ ਦਾ ਮਾਈਕ੍ਰੋਸਾਫਟ ਦਾ ਕਦਮ ਸ਼ਲਾਘਾਯੋਗ ਹੈ ਪਰ ਉਨ੍ਹਾਂ ਇਹ ਵੀ ਕਿਹਾ ਕਿ ਇਸ ਨਾਲ ਖਾਸ ਸਫਲਤਾ ਨਹੀਂ ਮਿਲੇਗੀ, ਕਿਉਂਕਿ ਕਈ ਲੋਕ ਇਸ ਦੀ ਪਾਲਣਾ ਨਹੀਂ ਕਰਨਗੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
7885 Tranmere Dr: Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## MARVES HARDWOOD FLOORING


Services:
Fence - Hardwood Flooring
Stairs - Small Renovation

John
416-787-6551



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

➡ Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

### Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



## Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca





CANOPY TOWERS
Canopy Towers - Building A
Exterior Rendering - Dusk View by Liberty Development





## NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

Starting From $440,900

## FREE ASSIGNMENT

PERMISSION TO LEASE DURING OCCUPANCY
CAPPED DEVELOPMENT CHARGERS

### QUICK FACTS

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

### EXTENDED DEPOSIT STRUCTURE

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21 President Realty Inc Brokerage*
Independently Owned and Operated.
Grewalhomes.com

Jagdish Grewal
Sales Representative
416 877-6464
or E-mail Jagdish@grewalhomes.com

# ਜਦੋਂ ਅਸੀਂ ਡਾਕੂ ਬਣ ਗਏ

-ਮਲਕੀਤ ਦਰਦੀ



ਮੇਰੀ ਸੇਵਾਮੁਕਤੀ ਵਿੱਚ ਗਿਣਤੀ ਦੇ ਮਹੀਨੇ ਰਹਿ ਗਏ ਹਨ। ਪਿਛਲੇ ਸੈਂਤੀ ਸਾਲਾਂ ਦੀ ਸਰਕਾਰੀ ਨੌਕਰੀ ਦੌਰਾਨ ਅਣਗਿਣਤ ਘਟਨਾਵਾਂ ਵਾਪਰੀਆਂ ਹਨ, ਜੋ ਮਨ ਦੇ ਚਿਤਰਪਟ ਉਤੇ ਉਕਰੀਆਂ ਹਨ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ, ਨਹਿਰਾਂ, ਡੈਮਾਂ 'ਤੇ ਨੌਕਰੀ ਕਰਦਿਆਂ ਪਿੱਛੇ ਝਾਤ ਮਾਰਦਾ ਹਾਂ ਤਾਂ ਉਹ ਘਟਨਾਵਾਂ ਮੈਨੂੰ ਲਿਖਣ ਲਈ ਪ੍ਰੇਰਨਾ ਵੀ ਦਿੰਦੀਆਂ ਹਨ। ਸੁਰਜੀਤ ਪਾਤਰ ਦੇ ਸ਼ਿਅਰ ਵਾਂਗੂ 'ਕਿੱਥੇ-ਕਿੱਥੇ ਛੱਡ ਆਏ ਹਾਂ ਅਣ-ਲਿਖੀਆਂ ਕਵਿਤਾਵਾਂ।' ਭਾਵੇਂ ਇਨ੍ਹਾਂ ਘਟਨਾਵਾਂ ਦੇ ਵਿਸ਼ੇ ਵੱਖਰੇ-ਵੱਖਰੇ ਹਨ, ਪਰ ਸੁਹਜ-ਸਵਾਦ ਪੰਜਾਬੀ ਰਹਿਤਲ 'ਚੋਂ ਉਪਜੇ ਕਰੂਰ ਯਥਾਰਥ ਦੇ ਨੇੜੇ-ਤੇੜੇ ਹੈ।

ਇੱਕ ਦਫਤਰ ਦਾ ਕਲਰਕ ਸਿਰਫ ਦਫਤਰੀ ਕੰਮ ਨਹੀਂ ਕਰਦਾ। ਸਰਕਾਰ ਉਸ ਕੋਲੋਂ ਵਾਧੂ ਕੰਮ ਵੀ ਕਰਵਾ ਲੈਂਦੀ ਹੈ। ਮਿਸਾਲ ਦੇ ਤੌਰ 'ਤੇ ਚੋਣ ਡਿਊਟੀ। ਭਾਵੇਂ ਇਹ ਡਿਊਟੀ ਸਰਕਾਰੀ ਹੈ, ਪਰ ਸਾਡੀ ਸਰਕਾਰ ਚੋਣਾਂ ਮੌਕੇ ਵਾਧੂ ਸਟਾਫ ਭਰਤੀ ਕਰਨ ਦੀ ਥਾਂ ਵੱਖ-ਵੱਖ ਮਹਿਕਮਿਆਂ ਦੇ ਕਰਮਚਾਰੀਆਂ ਨਾਲ ਹੀ ਬੁੱਤਾ ਸਾਰ ਲੈਂਦੀ ਹੈ। ਜੇ ਅਸੀਂ ਗੰਭੀਰਤਾ ਨਾਲ ਸੋਚੀਏ ਤਾਂ ਇਸ ਦਾ ਇੱਕ ਪਾਸੇ ਨੁਕਸਾਨ ਅਤੇ ਦੂਜੇ ਪਾਸੇ ਫਾਇਦਾ ਹੁੰਦਾ ਹੈ। ਹਿਸਾਬ ਕਿਤਾਬ ਬਰਾਬਰ ਰਹਿ ਜਾਂਦਾ ਹੈ। ਜਦੋਂ ਲੋਕ ਸਭਾ, ਵਿਧਾਨ ਸਭਾ ਜਾਂ ਕੋਈ ਹੋਰ ਚੋਣਾਂ ਆਉਂਦੀਆਂ ਹਨ ਤਾਂ ਸਰਕਾਰ ਮੁਲਾਜ਼ਮਾਂ ਦੀ ਚੋਣ ਡਿਊਟੀ ਲਾਉਂਦੀ ਹੈ, ਪਰ ਰਣਜੀਤ ਸਾਗਰ ਡੈਮ 'ਤੇ ਮੁਲਾਜ਼ਮਾਂ ਦੀ ਬਹੁ ਗਿਣਤੀ ਹੋਣ ਕਰ ਕੇ ਦੂਜੇ ਮਹਿਕਮਿਆਂ ਵੱਲ ਬਹੁਤ ਘੱਟ ਝਾਕ ਰੱਖਣੀ ਪੈਂਦੀ ਹੈ। ਚੋਣ ਡਿਊਟੀ ਲੱਗਣ ਉਪਰੰਤ ਪਹਿਲਾਂ ਦੋ-ਤਿੰਨ ਰਿਹਰਸਲਾਂ ਹੁੰਦੀਆਂ ਨੇ। ਉਥੇ ਜ਼ਿਲੇ ਦਾ ਕੋਈ ਵੱਡਾ ਅਫਸਰ ਚੋਣ ਡਿਊਟੀ ਬਾਰੇ ਵਿਸਥਾਰ ਪੂਰਵਕ ਲੈਕਚਰ ਦਿੰਦਾ ਹੈ। ਫਿਰ ਵੋਟਾਂ ਪਵਾਉਣ ਲਈ ਵੋਟਿੰਗ ਮਸ਼ੀਨਾਂ ਬਾਰੇ ਜਾਣਕਾਰੀ ਦਿੰਦਾ ਹੈ ਅਤੇ ਬਾਕੀ ਫਾਰਮਾਂ ਦੀ ਭਰਾਈ ਬਾਰੇ ਦੱਸਦਾ ਹੈ। ਇਹ ਸਾਰੀਆਂ ਗੱਲਾਂ ਚੋਣ ਅਮਲੇ ਨੂੰ ਪਹਿਲਾਂ ਹੀ ਪਤਾ ਹੁੰਦੀਆਂ ਹਨ। ਪੀਣ ਲਈ ਪਾਣੀ ਤੋਂ ਸਿਵਾਏ ਹੋਰ ਕੋਈ ਖਾਣ-ਪੀਣ ਦਾ ਪ੍ਰਬੰਧ ਨਹੀਂ ਹੁੰਦਾ। ਮੁਲਾਜ਼ਮ ਬੜੀ ਦੂਰੋਂ-ਦੂਰੋਂ ਬੱਸਾਂ ਦਾ ਕਿਰਾਇਆ ਭਾੜਾ ਲਾ ਕੇ ਆਉਂਦੇ ਹਨ। ਫਿਰ ਉਹ ਬਾਜ਼ਾਰੋਂ ਰੋਟੀ ਵੀ ਮੁੱਲ ਦੀ ਖਾਂਦੇ ਹਨ। ਜਿਹੜੀ ਅਸਲੀ ਗੱਲ ਇਸ ਕਹਾਣੀ ਦਾ ਵਿਸ਼ਾ ਹੈ, ਆਤਮਸਾਤ ਕਰੋ।

ਸਰਦਾਰ ਬੇਅੰਤ ਸਿੰਘ ਦੀ ਗਿਆਰਾਂ ਫੀਸਦੀ ਵੋਟਾਂ ਨਾਲ ਬਣੀ ਸਰਕਾਰ ਉਪਰੰਤ ਪੰਚਾਇਤੀ ਚੋਣਾਂ ਆ ਗਈਆਂ। ਇਨ੍ਹਾਂ ਚੋਣਾਂ ਵਿੱਚ ਮੇਰੇ ਡੈਮ ਦੇ ਦੋ ਹੋਰ ਮੁਲਾਜ਼ਮਾਂ ਦੀ ਵੀ ਚੋਣ ਡਿਊਟੀ ਲੱਗੀ, ਪਰ ਇਹ ਡਿਊਟੀ ਇੱਕ ਥਾਂ 'ਤੇ ਨਹੀਂ ਸੀ ਲੱਗੀ, ਸਗੋਂ ਤਿੰਨ-ਤਿੰਨ ਪੰਚਾਇਤਾਂ ਦੀਆਂ ਚੋਣਾਂ ਇੱਕੋ ਪੋਲਿੰਗ ਪਾਰਟੀ ਨੂੰ ਸੌਂਪ ਦਿੱਤੀਆਂ। ਦੂਜੀ ਗੱਲ ਇਹ ਵੀ ਕਹੀ ਕਿ ਚੋਣ ਅਮਲਾ ਨਾਲ-ਨਾਲ ਦੇ ਪਿੰਡਾਂ ਦੀ ਚੋਣ ਕਰਾਈ ਜਾਵੇ। ਇੱਕ ਦਿਨ ਅਸੀਂ ਮੈਦਾਨੀ ਇਲਾਕੇ 'ਚ ਚੋਣ ਕਰਾਉਂਦੇ, ਦੂਜੇ ਦਿਨ ਪਹਾੜੀ ਪਿੰਡ ਉਪਰ। ਅਜਿਹਾ ਇਸ ਲਈ ਕਿ ਧਾਰ ਬਲਾਕ ਦਾ ਇਲਾਕਾ ਨੀਮ-ਪਹਾੜੀ ਹੈ। ਸਵਾਰੀ ਗੱਡੀਆਂ ਵੀ ਪਹਾੜਾਂ ਵਿੱਚ ਹੀ ਮੋੜਾਂ-ਘੋੜਾਂ ਵਿੱਚੋਂ ਦੀ ਹੋ ਕੇ ਲੰਘਦੀਆਂ ਹਨ। ਆਲੇ ਦੁਆਲੇ ਡੂੰਘੀਆਂ ਖੱਡਾਂ। ਬੰਦਾ ਇੱਕ ਵਾਰ ਖੱਡ 'ਚ ਡਿੱਗਿਆ ਤਾਂ ਲੱਭਣਾ ਔਖਾ ਹੋ ਜਾਂਦਾ। ਕਰੇਨ ਨਾਲ ਬਾਹਰ ਕੱਢਣਾ ਪੈਂਦਾ।

ਪਹਿਲੀਆਂ ਦੋ ਚੋਣਾਂ ਅਸੀਂ ਮੈਦਾਨੀ ਇਲਾਕੇ ਵਿੱਚ ਕਰਾ ਦਿੱਤੀਆਂ। ਜਦੋਂ ਅਸੀਂ ਝਜੇਲੀ ਪਿੰਡ (ਸੁਜਾਨਪੁਰ ਲਾਗੇ) ਚੋਣ ਕਰਵਾਉਣ ਗਏ ਤਾਂ ਸ਼ਾਮ ਨੂੰ ਮੇਰਾ ਗੁਆਂਢੀ ਵਰਨ ਸਿੰਘ ਮੁਨਸ਼ੀ ਉਥੇ ਆ ਗਿਆ। ਉਸ ਨੇ ਸਰਪੰਚੀ ਦੀ ਚੋਣ ਲੜ ਰਹੇ ਜੈ ਸਿੰਘ ਨੂੰ ਕਹਿ ਦਿੱਤਾ ਕਿ ਇਹ ਮੇਰਾ ਗੁਆਂਢੀ ਹੈ। ਇਸ ਦਾ ਖਿਆਲ ਰੱਖੀਂ। ਲਓ ਜੀ! ਉਹੀ ਗੱਲ ਹੋਈ। ਦੂਜੇ ਦਿਨ ਸਵੇਰੇ ਜਦੋਂ ਮੈਂ ਪਿੰਡੋਂ ਬਾਹਰ ਜੰਗਲ ਪਾਣੀ ਜਾ ਕੇ ਮੁੜਿਆ ਤਾਂ ਮੇਰੇ ਆਉਂਦੇ ਨੂੰ ਸਾਰਾ ਹੀ ਲੰਗਰ ਦੂਜੇ ਕਰਮਚਾਰੀ ਖਾ ਚੁੱਕੇ ਸਨ। ਜਦੋਂ ਸਰਪੰਚ ਨੂੰ ਪਤਾ ਲੱਗਾ ਤਾਂ ਉਹ ਮੈਨੂੰ ਆਪਣੇ ਨਾਲ ਘਰੇ ਲੈ ਗਿਆ ਤੇ ਮੇਜ਼-ਕੁਰਸੀ ਡਾਹ ਕੇ ਦਹੀਂ-ਮੱਖਣ ਅਤੇ ਲੱਸੀ ਨਾਲ ਰੋਟੀ ਖੁਆਈ।

ਸ਼ਾਮੀਂ ਚੋਣ ਨਤੀਜਾ ਸੁਣਾਉਣ ਪਿੱਛੋਂ ਸਾਡਾ ਟਰੱਕ ਧਾਰ ਬਲਾਕ ਦੇ ਪਿੰਡ ਚੋਣ ਕਰਾਉਣ ਲਈ ਰਵਾਨਾ ਹੋ ਗਿਆ। ਰਾਤੀਂ ਰੋਟੀ ਖਾ ਕੇ ਸੁੱਤੇ ਤਾਂ ਥਕੇਵੇਂ ਕਾਰਨ ਨੀਂਦ ਵੀ ਛੇਤੀ ਆ ਗਈ। ਕੁਝ ਕੌੜਾ ਪਾਣੀ ਪੀਤਾ ਹੋਇਆ ਸੀ। ਸਵੇਰੇ ਜਦੋਂ ਮੈਂ ਤੇ ਸੁਖਦੇਵ ਜੰਗਲ ਪਾਣੀ ਗਏ ਤਾਂ ਕਾਫੀ ਹਨੇਰਾ ਸੀ। ਸਾਹਮਣੇ ਰਾਵੀ ਦਰਿਆ ਵਗਦਾ ਸੀ। ਮੈਂ ਸੁਖਦੇਵ ਕੋਲੋਂ ਥੋੜ੍ਹਾ ਜਿਹਾ ਅਗਾਂਹ ਜਾਣ ਲੱਗਿਆ ਤਾਂ ਉਹ ਮੈਨੂੰ ਪਿੱਛੇ ਮੋੜਨ ਦੇ ਲਹਿਜ਼ੇ ਨਾਲ ਕਹਿਣ ਲੱਗਾ ਕਿ ਥੱਲੇ ਖੱਡ ਆ। ਤੇਰਾ ਪੈਰ ਤਿਲਕ ਗਿਆ ਤਾਂ ਹਰੀਕੇ ਪੱਤਣ ਜਾ ਕੇ ਨਿਕਲੇਂਗਾ।

ਦੂਜੇ ਦਿਨ ਅਸੀਂ ਵੋਟਾਂ ਪਵਾਉਣ ਵਾਲੇ ਤੰਬੂ ਗੱਡ ਦਿੱਤੇ। ਅਸੀਂ ਦੋਵਾਂ ਧਿਰਾਂ ਨੂੰ ਸ਼ਾਂਤੀ ਪੂਰਵਕ ਵੋਟਾਂ ਪਾਉਣ ਬਾਰੇ ਸੰਖੇਪ ਵਿੱਚ ਸਮਝਾਇਆ ਤਾਂ ਦੋਵੇਂ ਧਿਰਾਂ ਦੇ ਮੋਹਰੀ ਕਹਿਣ ਲੱਗੇ ਕਿ ਇਹ ਤਾਂ ਬਚਪਨ ਤੋਂ ਇਕੱਠੇ ਖੇਡਦੇ, ਪੜ੍ਹਦੇ ਆਏ ਨੇ। ਕੋਈ ਗੱਲ ਨਹੀਂ। ਤੁਸੀਂ ਫਿਕਰ ਨਾ ਕਰੋ। ਇੱਕ ਉਮੀਦਵਾਰ ਨਈਅਰ ਬਸ ਵਾਲਾ, ਦੂਜਾ ਵੀ ਟਰਾਂਸਪੋਰਟਰ ਸੀ।

ਖੈਰ! ਵੋਟਾਂ ਅਮਨ ਚੈਨ ਨਾਲ ਪੈ ਗਈਆਂ। ਨਤੀਜਾ ਸੁਣਾਉਣ ਉਪਰੰਤ ਅਸੀਂ ਧਾਰ ਬਲਾਕ ਦੇ ਵੱਡੇ ਹਾਲ ਵਿੱਚ ਆ ਗਏ ਕਿਉਂਕਿ ਪਿਛਲੀਆਂ ਚੋਣਾਂ ਅਤੇ ਇਸ ਹੋਈ ਚੋਣ ਤੋਂ ਬਾਅਦ ਸਾਮਾਨ ਵੀ ਇਥੇ ਜਮ੍ਹਾ ਕਰਵਾਉਣਾ ਸੀ। ਸਾਰੇ ਕਾਗਜ਼ ਪੱਤਰ ਤਿਆਰ ਕਰਦਿਆਂ, ਲਿਫਾਫਿਆਂ ਨੂੰ ਸੀਲਾਂ ਲਾਉਂਦਿਆਂ ਨੂੰ ਰਾਤ ਦੇ ਦਸ ਵੱਜ ਗਏ। ਸਾਮਾਨ ਜਮ੍ਹਾ ਕਰਵਾਇਆ, ਪਰ ਅੱਗੇ ਫਿਕਰ ਸੀ ਕਿ ਰਾਤ ਕਿੱਥੇ ਕੱਟਾਂਗੇ? ਇਥੇ ਕਿਸੇ ਨੇ ਰਹਿਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਹੋਇਆ। ਨਾ ਚਾਹ, ਨਾ ਪਾਣੀ। ਅਖੀਰ ਸੋਚ ਵਿਚਾਰ ਤੋਂ ਬਾਅਦ ਸਲਾਹ ਬਣੀ ਕਿ ਡੈਮ ਦੀ ਤੀਜੀ ਸ਼ਿਫਟ ਵਾਲੀਆਂ ਬੱਸਾਂ ਫੜ ਕੇ ਕਾਲੋਨੀ ਪਹੁੰਚਿਆ ਜਾਵੇ। ਅਸੀਂ ਸਾਰੇ ਜਣੇ ਸੱਤ-ਅੱਠ ਕਿਲੋਮੀਟਰ ਪੈਦਲ ਤੁਰ ਕੇ ਜਦੋਂ ਮਟੀਕੋਟ ਪੁਹੰਚਣ ਵਾਲੇ ਸਾਂ ਤਾਂ ਪਹਾੜ ਦੀ ਪਗਡੰਡੀ ਤੋਂ ਸੜਕ ਦੇ ਵਿਚਕਾਰ ਆ ਕੇ ਖੜ੍ਹੇ ਬੰਦੇ ਨੇ ਸਿੱਧੀ ਬੰਦੂਕ ਸਾਡੇ ਵੱਲ ਤਾਣ ਲਈ। 'ਬੈਗ ਥੱਲੇ ਰੱਖ ਕੇ ਬਾਹਾਂ ਖੜ੍ਹੀਆਂ ਕਰੋ।' ਅਸੀਂ ਡਰਦਿਆਂ ਨੇ ਉਵੇਂ ਹੀ ਕੀਤਾ। 'ਤੁਸੀਂ ਕਿੱਥੇ ਡਾਕਾ ਮਾਰ ਕੇ ਆਏ ਹੋ?' ਕਹਿੰਦਿਆਂ ਉਹ ਸਾਡੇ ਬੈਗ ਫਰੋਲਣ ਲੱਗ ਪਿਆ।

ਜਦੋਂ ਉਸ ਨੂੰ ਕੱਪੜਿਆਂ ਤੋਂ ਸਿਵਾਏ ਬੈਗਾਂ 'ਚੋਂ ਕੁਝ ਨਾ ਲੱਭਿਆ ਤਾਂ ਉਹ ਢਿੱਲਾ ਜਿਹਾ ਹੋ ਕੇ ਕਹਿਣ ਲੱਗਾ ਕਿ ਸੱਚੋ-ਸੱਚ ਦੱਸੋ ਕਿ ਕਿੱਥੋਂ ਆਏ ਤੇ ਕਿੱਥੇ ਜਾਣਾ ਹੈ? ਅਸੀਂ ਉਸ ਨੂੰ ਆਪੋ-ਆਪਣੇ ਸ਼ਨਾਖਤੀ ਕਾਰਡ ਦਿਖਾਏ ਅਤੇ ਨਾਲ ਚੋਣ ਡਿਊਟੀ ਵਾਲੇ ਸ਼ਨਾਖਤੀ ਪੱਤਰ। ਉਸ ਨੂੰ ਇਹ ਵੀ ਕਿਹਾ ਕਿ ਅਸੀਂ ਡੈਮ ਦੇ ਮੁਲਾਜ਼ਮ ਹਾਂ। ਤੀਜੀ ਸ਼ਿਫਟ ਵਾਲੀਆਂ ਬਸਾਂ ਫੜ ਕੇ ਜੁਗਿਆਲ ਕਾਲੋਨੀ ਪਹੁੰਚਣਾ ਹੈ ਤਾਂ ਕਿਤੇ ਜਾ ਕੇ ਉਸ ਨੂੰ ਤਸੱਲੀ ਹੋਈ। ਉਥੋਂ ਡੈਮ ਇੱਕ ਕਿਲੋਮੀਟਰ ਹੀ ਰਹਿ ਗਿਆ ਸੀ। ਅਸੀਂ ਛੇਤੀ-ਛੇਤੀ ਕਦਮ ਪੁੱਟਦੇ ਡੈਮ ਦੀਆਂ ਬਸਾਂ 'ਚ ਬੈਠੇ। ਬਸ 'ਚ ਮੈਂ ਸੋਚ ਰਿਹਾ ਸੀ ਕਿ ਸਰਕਾਰਾਂ ਕਰਮਚਾਰੀਆਂ ਕੋਲੋਂ ਚੋਣ ਡਿਊਟੀਆਂ ਤਾਂ ਕਰਵਾ ਲੈਂਦੀਆਂ ਨੇ, ਮਗਰੋਂ 'ਰੰਡੀ ਦੇ ਜਵਾਈ ਵਾਂਗੂੰ ਪੁੱਛਦੀਆਂ ਕਿਉਂ ਨਹੀਂ?'

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਿੰਨੀ ਕਹਾਣੀ

### ਸਮਿਧਾ

ਆਸ਼ੀਸ਼ ਸ੍ਰੀਵਾਸਤਵ

''ਵੀਰ ਜੀ! ਲੱਗਦਾ ਹੈ ਹਵਨ ਲਈ ਜਿੰਨੀਆਂ ਲੱਕੜੀਆਂ ਲਿਆਏ ਸੀ, ਓਨੀਆਂ ਓਥੇ ਨਹੀਂ ਹਨ। ਚਲ ਕੇ ਦੇਖੋ। ਲੱਕੜੀਆਂ ਗਾਇਬ ਹੋ ਰਹੀਆਂ ਹਨ।'' ਵੀਰ ਜੀ ਨੇ ਦੇਖਿਆ ਵਾਕਈ ਲੱਕੜਾਂ ਘੱਟ ਬਚੀਆਂ ਹਨ, ਜਦ ਕਿ ਅਜੇ ਹਵਨ ਸ਼ੁਰੂ ਵੀ ਨਹੀਂ ਹੋਇਆ। ਇਹ ਭਲਾ ਕਿਸ ਦੀ ਸ਼ਰਾਰਤ ਹੋ ਸਕਦੀ ਹੈ, ਉਹ ਸੋਚ ਵਿੱਚ ਪੈ ਗਏ।

ਕਿਉਂਕਿ ਵੀਰ ਜੀ ਦੁਰਗਾ ਉਤਸਵ ਕਮੇਟੀ ਦੇ ਪ੍ਰਧਾਨ ਵੀ ਸਨ, ਇਸ ਲਈ ਉਹ ਇਸੇ ਕੋਸ਼ਿਸ਼ ਵਿੱਚ ਲੱਗੇ ਰਹਿੰਦੇ ਕਿ ਉਨ੍ਹਾਂ ਦੀ ਦੇਖ-ਰੇਖ ਵਿੱਚ ਸਾਰੇ ਕੰਮ ਚੰਗੀ ਤਰ੍ਹਾਂ ਪੂਰੇ ਹੋ ਜਾਣਗੇ। ਕੁਝ ਦੇਰ ਸੋਚਣ ਦੇ ਬਾਅਦ ਵੀਰ ਜੀ ਨੇ ਕਿਸੇ ਨੂੰ ਕੁਝ ਕਹਿਣ ਤੋਂ ਪਹਿਲਾਂ ਪੰਡਾਲ ਦੇ ਬਾਹਰ ਸੀ ਸੀ ਟੀ ਵੀ ਕੈਮਰੇ ਲਗਵਾ ਦਿੱਤੇ। ਇਸ ਵਾਰ ਕੋਰੋਨਾ ਦੇ ਕਾਰਨ ਵੱਡੀ ਝਾਕੀ ਸਥਾਪਤ ਨਹੀਂ ਕੀਤੀ ਜਾ ਸਕਦੀ ਸੀ, ਇਸ ਲਈ ਦੁਰਗਾ ਉਤਸਵ ਕਮੇਟੀ ਨੇ ਫੈਸਲਾ ਕੀਤਾ ਕਿ ਨਰਾਤਿਆਂ ਵਿੱਚ ਅਧਿਆਤਮਿਕ ਊਰਜਾ ਨਾਲ ਪੂਰਨ ਨੌਂ ਕੁੰਡੀ ਹਵਨ ਕਰਵਾ ਲਿਆ ਜਾਏ, ਜਿਸ ਵਿੱਚ ਮਹਾਮਾਰੀ ਤੋਂ ਸਾਰਿਆਂ ਨੂੰ ਬਚਾਉਣ ਦੀ ਪ੍ਰਾਰਥਨਾ ਵੀ ਕੀਤੀ ਜਾਏਗੀ। ਇਸ ਵਿੱਚ ਬਹੁਤ ਘੱਟ ਲੋਕਾਂ ਨੂੰ ਸ਼ਾਮਲ ਹੋਣ ਦੀ ਇਜਾਜ਼ਤ ਸੀ।

ਸਭ ਕੁਝ ਯੋਜਨਾ ਅਨੁਸਾਰ ਚੱਲ ਰਿਹਾ ਸੀ ਕਿ ਖੁੱਲ੍ਹੇ ਮੈਦਾਨ ਵਿੱਚ ਰੱਖੀਆਂ ਲਕੜੀਆਂ ਘੱਟ ਹੋ ਗਈਆਂ। ਹੈਰਾਨੀ ਸੀ ਕਿ ਭਲਾ ਇਸ ਮਹਾਮਾਰੀ ਦੇ ਦੌਰ ਵਿੱਚ ਜਦ ਲੋਕ ਅਣਜਾਣ ਚੀਜ਼ ਨੂੰ ਛੂਹਣ ਤੋਂ ਵੀ ਡਰ ਰਹੇ ਹਨ, ਤਦ ਹਵਨ ਦੀਆਂ ਲੱਕੜੀਆਂ ਕੌਣ ਲਿਜਾ ਸਕਦਾ, ਇਹ ਪ੍ਰਸ਼ਨ ਸਾਰਿਆਂ ਦੇ ਦਿਮਾਗ ਵਿੱਚ ਘੁੰਮਣ ਲੱਗਾ। ਸਭ ਨੇ ਤੈਅ ਕੀਤਾ ਕਿ ਥੋੜ੍ਹੀਆਂ ਬਹੁਤ ਲੱਕੜੀਆਂ ਗਾਇਬ ਹੋ ਜਾਣ ਦੇ ਲਈ ਕੀ ਸ਼ਿਕਾਇਤ ਦਰਜ ਕਰਵਾਈ ਜਾਏ, ਹਾਂ, ਜੇ ਰੰਗੇ ਹੱਥੀਂ ਫੜਿਆ ਜਾਏ ਤਾਂ ਬਹੁਤ ਵਧੀਆ! ਇਹੀ ਸੋਚ ਕੇ ਬਾਕੀ ਲੱਕੜੀਆਂ ਉਥੇ ਪਈਆਂ ਰਹਿਣ ਦਿੱਤੀਆਂ।

ਅਗਲੇ ਦਿਨ ਸੀ ਸੀ ਟੀ ਵੀ ਕੈਮਰੇ ਦੇਖੇ ਤਾਂ ਸਾਰਿਆਂ ਹੈਰਾਨ ਰਹਿ ਗਏ। ਇੱਕ ਬਜ਼ੁਰਗ ਔਰਤ ਕੰਬਦੇ ਹੱਥਾਂ ਨਾਲ ਬੋਰੀ ਵਿੱਚ ਲੱਕੜੀਆਂ ਭਰ ਕੇ ਲਿਜਾ ਰਹੀ ਸੀ। ਫੁਟੇਜ ਦੇਖਣ ਦੇ ਬਾਅਦ ਸਾਰੇ ਇੱਕ-ਦੂਸਰੇ ਵੱਲ ਦੇਖਣ ਲੱਗੇ। ''ਇਹ ਬਜ਼ੁਰਗ ਅੰਮਾ ਤਾਂ ਅਕਸਰ ਹੀ ਮੁਹੱਲੇ ਵਿੱਚ ਘੁੰਮਦੀ ਦਿਸ ਜਾਂਦੀ ਹੈ।'' ਪਛਾਣ ਹੁੰਦੇ ਹੀ ਵੀਰ ਜੀ, ਸਾਥੀਆਂ ਨਾਲ ਉਸ ਬਜ਼ੁਰਗ ਦੀ ਝੁੱਗੀ ਵਿੱਚ ਪਹੁੰਚ ਗਏ। ਦੇਖਿਆ ਤਾਂ ਝੁਰੜੀਆਂ ਵਾਲੇ ਚਿਹਰੇ ਤੇ ਚਿਤਕਬਰੇ ਵਾਲਾਂ 'ਤੇ ਜੰਮੀ ਰਾਖ ਦੇ ਕਣ ਲਈ ਬਜ਼ੁਰਗ ਫੂੰਕਣੀ ਨਾਲ ਫੂਕ-ਫੂਕ ਕੇ ਚੁੱਲ੍ਹੇ 'ਤੇ ਰੋਟੀਆਂ ਬਣਾ ਰਹੀ ਸੀ। ਸਾਹਮਣੇ ਬੈਠੇ ਦੋ ਬੱਚੇ ਖਾਣਾ ਖਾ ਰਹੇ ਸਨ।

ਲੜਕਿਆਂ ਨੂੰ ਦਰਵਾਜ਼ੇ 'ਤੇ ਆਇਆਂ ਦੇਖ ਕੇ ਅੰਮਾ ਕਹਿਣ ਲੱਗੀ, ''ਹਾਂ ਬੇਟਾ! ਜ਼ਿਆਦਾ ਤੁਰਿਆ ਨਹੀਂ ਜਾਂਦਾ, ਇਸ ਲਈ ਮੈਂ ਲੱਕੜੀਆਂ ਚੁੱਕ ਲਿਆਈ ਤਾਂ ਕਿ ਇਨ੍ਹਾਂ ਬੱਚਿਆਂ ਲਈ ਖਾਣਾ ਬਣਾ ਸਕਾਂ। ਭਗਵਾਨ ਤੁਹਾਡਾ ਹਵਨ ਸਫਲ ਕਰੇ।''

ਕਮੇਟੀ ਮੈਂਬਰ ਸਭ ਦੇਖ ਸੁਣ ਕੇ ਨਿ-ਸ਼ਬਦ ਰਹਿ ਗਏ। ਉਨ੍ਹਾਂ ਵਿੱਚੋਂ ਇੱਕ ਹੋਟਲ ਸੰਚਾਲਕ ਦਾ ਬੇਟਾ ਨਿਮਰਤਾ ਨਾਲ ਕਹਿਣ ਲੱਗਾ, ''ਅੰਮਾ, ਕੱਲ੍ਹ ਤੋਂ ਕੋਨੇ ਵਾਲੇ ਹੋਟਲ ਤੋਂ ਬਣਿਆ-ਬਣਾਇਆ ਖਾਣਾ ਲੈ ਜਾਇਆ ਕਰੋ, ਭਟਕਣ ਦੀ ਜ਼ਰੂਰਤ ਨਹੀਂ।''

ਇੰਨਾ ਸੁਣਦੇ ਹੀ ਬੁੱਢੀ ਅੰਮਾ ਦਾ ਰੋਣਾ ਨਿਕਲਣ ਗਿਆ। ਰੋਂਦੇ-ਰੋਂਦੇ ਹੀ ਅਸ਼ੀਰਵਾਦ ਦਿੰਦੇ ਹੋਏ ਕਹਿਣ ਲੱਗੀ, ''ਜੀਉਂਦੇ ਰਹੋ ਪੁੱਤਰੋ, ਭਗਵਾਨ ਤੁਹਾਨੂੰ ਸਾਰਿਆਂ ਨੂੰ ਹਮੇਸ਼ਾ ਖੁਸ਼ ਰੱਖੇ।''

ਫਿਰ ਸਾਰੇ ਲੜਕੇ ਹਵਨ ਵਾਲੀ ਜਗ੍ਹਾ 'ਤੇ ਮੁੜ ਆਏ। ਸਾਰਿਆਂ ਦੇ ਮਨ ਵਿੱਚ ਇੱਕ ਹੀ ਗੱਲ ਘੁੰਮ ਰਹੀ ਸੀ-'ਹਵਨ ਤਾਂ ਅਣਜਾਣੇ ਵਿੱਚ ਹੀ ਹੋ ਗਿਆ।''

# ਦਾਮਿਨੀ ਤੋਂ ਬਾਅਦ ਕਿੰਨੀਆਂ ਹੋਰ ਮਨੀਸ਼ਾ 'ਦਰਿੰਦਗੀ' ਦਾ ਸ਼ਿਕਾਰ ਬਣਨਗੀਆਂ

-ਵਿਨੀਤ ਨਾਰਾਇਣ

ਇੱਕ ਵਾਰ ਫਿਰ ਭਾਰਤ ਸ਼ਰਮਸਾਰ ਹੈ। ਹਾਥਰਸ ਪੁਲਸ ਦੀ ਲਾਪ੍ਰਵਾਹੀ ਅਤੇ ਸਵਰਨ ਜਾਤੀਆਂ ਵਾਲਿਆਂ ਦੀ ਦਰਿੰਦਗੀ ਦੀ ਦਾਸਤਾਨ ਸਾਰੇ ਦੇਸ਼ ਦੀ ਜ਼ੁਬਾਨ 'ਤੇ ਹੈ। ਇਸ ਭਿਆਨਕ ਤ੍ਰਾਸਦੀ ਲਈ ਸਭ ਤੋਂ ਵੱਧ ਜ਼ਿੰਮੇਵਾਰ ਦੇਸ਼ ਦਾ ਉਹ ਮੀਡੀਆ ਹੈ, ਜੋ ਪਿਛਲੇ ਤਿੰਨ ਮਹੀਨਿਆਂ ਤੋਂ ਸੁਸ਼ਾਂਤ ਸਿੰਘ ਰਾਜਪੂਤ ਅਤੇ ਬਾਲੀਵੁੱਡ ਦੇ ਡਰੱਗ ਦੇ ਮਾਇਆ ਜਾਲ ਤੋਂ ਬਾਹਰ ਨਿਕਲ ਨਹੀਂ ਰਿਹਾ। ਕੀ ਉਸ ਕੁੜੀ ਦੀ ਹੱਤਿਆ ਸੁਸ਼ਾਂਤ ਸਿੰਘ ਰਾਜਪੂਤ ਦੀ ਅਖੌਤੀ ਹੱਤਿਆ ਤੋਂ ਘੱਟ ਸੀ? ਜੇ ਮੀਡੀਆ ਨੇ ਨਿਰਭੈਯਾ ਕਾਂਡ ਵਾਂਗ ਹਾਥਰਸ ਦੀ ਮਨੀਸ਼ਾ ਦੇ ਸਵਾਲ ਨੂੰ ਵੀ ਉਸੇ ਤਰ੍ਹਾਂ ਉਠਾਇਆ ਹੁੰਦਾ ਤਾਂ ਸ਼ਾਇਦ ਮਨੀਸ਼ਾ ਦੀ ਜਾਨ ਬਚ ਸਕਦੀ ਸੀ। ਜਿੱਥੋਂ ਤੱਕ ਬਲਾਤਕਾਰ ਦੀ ਸਮੱਸਿਆ ਦਾ ਸਵਾਲ ਹੈ ਤਾਂ ਕੋਈ ਪੁਲਸ ਜਾਂ ਪ੍ਰਸ਼ਾਸਨ ਬਲਾਤਕਾਰ ਰੋਕ ਨਹੀਂ ਸਕਦਾ, ਕਿਉਂਕਿ ਇੰਨੇ ਵੱਡੇ ਦੇਸ਼ 'ਚ ਕਿਸੇ ਪਿੰਡ, ਖੇਤ, ਜੰਗਲ, ਕਾਰਖਾਨੇ, ਮਕਾਨ ਜਾਂ ਸੁੰਨੀ ਥਾਂ 'ਤੇ ਬਲਾਤਕਾਰ ਹੋਵੇਗਾ, ਇਸ ਦਾ ਅੰਦਾਜ਼ਾ ਕੋਈ ਕਿਵੇਂ ਲਾ ਸਕਦਾ ਹੈ? ਉਂਝ ਜਦੋਂ ਸਾਡੇ ਸਮਾਜ 'ਚ ਪਰਵਾਰਾਂ ਦੇ ਅੰਦਰ ਨੂੰਹਾਂ-ਬੇਟੀਆਂ ਦੇ ਸਰੀਰਕ ਸ਼ੋਸ਼ਣ ਦੇ ਅਨੇਕਾਂ ਸਮਾਜ ਸ਼ਾਸਤਰੀ ਅਧਿਐਨ ਹਨ, ਤਾਂ ਇਹ ਗੱਲ ਸੋਚਣ ਦੀ ਹੈ ਕਿਤੇ ਅਸੀਂ ਦੋਹਰੇ ਮਾਪਦੰਡਾਂ ਰਾਹੀਂ ਜ਼ਿੰਦਗੀ ਤਾਂ ਨਹੀਂ ਜੀਅ ਰਹੇ?

ਜਿੱਥੋਂ ਤੱਕ ਪੁਲਸ ਦੇ ਖਰਾਬ ਸਲੂਕ ਦਾ ਸਵਾਲ ਹੈ, ਤਾਂ ਉਸ ਦੇ ਵੀ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ। 1980 ਤੋਂ ਕੌਮੀ ਪੁਲਸ ਕਮਿਸ਼ਨ ਦੀ ਰਿਪੋਰਟ ਰੁਲਦੀ ਪਈ ਹੈ। ਇਸ 'ਚ ਪੁਲਸ ਦੀ ਕਾਰਜ ਪ੍ਰਣਾਲੀ ਸੁਧਾਰਨ ਦੇ ਵਿਆਪਕ ਸੁਝਾਅ ਦਿੱਤੇ ਗਏ ਸਨ, ਪਰ ਕਿਸੇ ਵੀ ਸਿਆਸੀ ਪਾਰਟੀ ਜਾਂ ਸਰਕਾਰ ਨੇ ਇਸ ਰਿਪੋਰਟ ਨੂੰ ਪ੍ਰਚਾਰਿਤ ਕਰਨ ਅਤੇ ਲਾਗੂ ਕਰਨ ਲਈ ਜ਼ੋਰ ਨਹੀਂ ਦਿੱਤਾ। ਨਤੀਜੇ ਵਜੋਂ ਅਸੀਂ ਅੱਜ ਵੀ 200 ਸਾਲ ਪੁਰਾਣੀ ਪੁਲਸ ਵਿਵਸਥਾ ਨਾਲ ਕੰਮ ਚਲਾ ਰਹੇ ਹਾਂ।

ਪੁਲਸ ਵਾਲੇ ਕਿਹੜੀਆਂ ਗੈਰ-ਮਨੁੱਖੀ ਹਾਲਤਾਂ 'ਚ ਕੰਮ ਕਰਦੇ ਹਨ, ਇਸ ਦੀ ਜਾਣਕਾਰੀ ਆਮ ਆਦਮੀ ਨੂੰ ਨਹੀਂ ਹੁੰਦੀ। ਜਿਹੜੇ ਲੋਕਾਂ ਨੂੰ ਵੀ ਆਈ ਪੀ ਦੱਸ ਕੇ ਪੁਲਸ ਵਾਲਿਆਂ ਕੋਲੋਂ ਉਨ੍ਹਾਂ ਦੀ ਸੁਰੱਖਿਆ ਕਰਵਾਈ ਜਾਂਦੀ ਹੈ, ਅਜਿਹੇ ਵੀ ਆਈ ਪੀ ਅਕਸਰ ਕਿੰਨੇ ਅਨੈਤਿਕ ਅਤੇ ਭ੍ਰਿਸ਼ਟ ਕੰਮਾਂ 'ਚ ਸ਼ਾਮਲ ਹੁੰਦੇ ਹਨ, ਇਹ ਦੇਖ ਕੇ ਕੋਈ ਪੁਲਸ ਵਾਲਾ ਕਿਵੇਂ ਆਪਣਾ ਮਾਨਸਿਕ ਸੰਤੁਲਨ ਰੱਖ ਸਕਦਾ ਹੈ? ਸਮਾਜ 'ਚ ਵੀ ਅਕਸਰ ਪੈਸੇ ਵਾਲੇ ਕਈ ਚੰਗਾ ਆਚਰਣ ਨਹੀਂ ਕਰਦੇ, ਪਰ ਪੁਲਸ ਤੋਂ ਸਾਰੇ ਸੱਤਿਆਵਾਦੀ ਹਰੀਸ਼ਚੰਦਰ ਹੋਣ ਦੀ ਆਸ ਰੱਖਦੇ ਹਨ। ਪੁਲਸ ਵਾਲਿਆਂ ਨੂੰ ਪਰੇਡ ਤੇ ਅਪਰਾਧਿਕ ਕਾਨੂੰਨ ਤੋਂ ਇਲਾਵਾ ਕੁਝ ਵੀ ਅਜਿਹਾ ਨਹੀਂ ਪੜ੍ਹਾਇਆ ਜਾਂਦਾ, ਜਿਸ ਨਾਲ



ਉਹ ਸਮਾਜ ਦੀਆਂ ਸਮਾਜਿਕ, ਆਰਥਿਕ ਅਤੇ ਮਨੋ ਵਿਗਿਆਨਿਕ ਔਖਿਆਈਆਂ ਨੂੰ ਸਮਝ ਸਕਣ। ਅਜਿਹੇ ਵਿੱਚ ਹਰ ਗੱਲ ਲਈ ਪੁਲਸ ਨੂੰ ਦੋਸ਼ ਦੇਣ ਵਾਲੇ ਨੇਤਾਵਾਂ ਅਤੇ ਦਰਮਿਆਨੇ ਵਰਗ ਜਾਗਰੂਕ ਸਮਾਜ ਨੂੰ ਆਪਣੇ ਅੰਦਰ ਝਾਤੀ ਮਾਰਨੀ ਚਾਹੀਦੀ ਹੈ।

ਅੱਠ ਸਾਲ ਪਹਿਲਾਂ ਮੁੰਬਈ ਦੇ ਇੱਕ ਬਹੁਤ ਰੱਜੇ-ਪੁੱਜੇ ਮਾਰਵਾੜੀ ਨੌਜਵਾਨ ਨੇ 65 ਸਾਲ ਦੀ ਇੱਕ ਔਰਤ ਨਾਲ ਬਲਾਤਕਾਰ ਕੀਤਾ ਤਾਂ ਸਾਰਾ ਦੇਸ਼ ਹੈਰਾਨ ਰਹਿ ਗਿਆ। ਇਸ ਅਣਹੋਣੀ ਘਟਨਾ 'ਤੇ ਕੋਈ ਸਵਾਲ ਖੜ੍ਹੇ ਕੀਤੇ ਗਏ। ਪਿਤਾ ਵੱਲੋਂ ਪੁੱਤਰੀਆਂ ਦੇ ਲਗਾਤਾਰ ਬਲਾਤਕਾਰ ਦੇ ਸੈਂਕੜੇ ਕੇਸ ਰੋਜ਼ ਦੇਸ਼ ਦੇ ਸਾਹ-ਮਣੇ ਆ ਰਹੇ ਹਨ।

ਅਜੇ ਦੁਨੀਆ ਆਸਟ੍ਰੀਆ ਦੇ ਗਾਟਫ੍ਰਾਈਟ ਨਾਂ ਦੇ ਉਸ ਗੋਰੇ ਬਾਪ ਨੂੰ ਭੁੱਲੀ ਨਹੀਂ, ਜਿਸ ਨੇ ਆਪਣੀ ਸਭ ਤੋਂ ਵੱਡੀ ਬੇਟੀ ਨੂੰ ਆਪਣੀ ਘਰ ਦੇ ਤਹਿਖਾਨੇ 'ਚ ਦੋ ਦਹਾਕਿਆਂ ਤੱਕ ਕੈਦ ਕਰ ਕੇ ਰੱਖਿਆ ਅਤੇ ਉਸ ਤੋਂ ਦਰਜਨ ਕੁ ਬੱਚੇ ਪੈਦਾ ਕੀਤੇ ਸਨ। ਇਸ ਪੂਰੇ ਪਰਵਾਰ ਨੂੰ ਕਦੇ ਨਾ ਧੁੱਪ ਦੇਖਣ ਨੂੰ ਮਿਲੀ ਅਤੇ ਨਾ ਆਮ ਜ਼ਿੰਦਗੀ। ਘਰ ਦੀ ਚਾਰਦੀਵਾਰੀ ਵਿੱਚ ਬੰਦ ਇਸ ਘਿਨੌਣੇ ਕਾਂਡ ਦਾ ਖੁਲਾਸਾ 2011 ਵਿੱਚ ਉਦੋਂ ਹੋਇਆ ਜਦੋਂ ਗਾਟਫ੍ਰਾਈਟ ਦੀ ਇੱਕ ਬੱਚੀ ਗੰਭੀਰ ਬੀਮਾਰੀ ਦੀ ਹਾਲਤ 'ਚ ਹਸਪਤਾਲ ਲਿਆਂਦੀ ਗਈ। ਅਜਿਹੇ ਕਾਂਡ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਠਹਿਰਾਓਗੇ? ਪੁਲਸ ਜਾਂ ਪ੍ਰਸ਼ਾਸਨ ਨੂੰ? ਇਹ ਇੱਕ ਮਾਨਸਿਕ ਵਿਗਾੜ ਹੈ, ਜਿਸ ਦਾ ਹੱਲ ਦੋ-ਚਾਰ ਲੋਕਾਂ ਨੂੰ ਫਾਂਸੀ ਦੇ ਕੇ ਨਹੀਂ ਕੀਤਾ ਜਾ ਸਕਦਾ। ਇਸੇ ਤਰ੍ਹਾਂ ਇੱਕ ਪ੍ਰਮੁੱਖ ਅੰਗਰੇਜ਼ੀ ਟੀ ਵੀ ਚੈਨਲ ਦੇ ਐਂਕਰ ਪਰਸਨ ਨੇ ਬੜੇ ਉਤਸ਼ਾਹ ਨਾਲ ਬਲਾਤਕਾਰੀਆਂ ਨੂੰ ਨਿਪੁੰਸਕ ਬਣਾਉਣ ਦੀ ਮੰਗ ਰੱਖੀ। ਕੁਝ ਦੇਸ਼ਾਂ 'ਚ ਇਹ ਕਾਨੂੰਨ ਹੈ ਪਰ ਇਸਦੇ ਖਤਰਨਾਕ ਨਤੀਜੇ ਸਾਹਮਣੇ ਆਏ ਹਨ। ਇਸ ਤਰ੍ਹਾਂ ਜਬਰੀ ਨਿਪੁੰਸਕ ਬਣਾ ਦਿੱਤਾ ਗਿਆ ਮਰਦ ਹਿੰਸਕ ਹੋ ਜਾਂਦਾ ਹੈ ਅਤੇ ਸਮਾਜ ਲਈ ਖਤਰਾ ਬਣ ਜਾਂਦਾ ਹੈ।

ਬਲਾਤਕਾਰ ਦੇ ਕੇਸਾਂ 'ਚ ਪੁਲਸ ਤੁਰੰਤ ਕਾਰਵਾਈ ਕਰੇ ਅਤੇ ਸਾਰੀਆਂ ਅਦਾਲਤਾਂ ਰੋਜ਼ਾਨਾ ਸੁਣਵਾਈ ਕਰਕੇ 90 ਦਿਨ ਦੇ ਅੰਦਰ ਸਜ਼ਾ ਸੁਣਾ ਦੇਣ। ਸਜ਼ਾ ਅਜਿਹੀ ਸਖ਼ਤ ਹੋਵੇ ਕਿ ਉਸ ਦਾ ਬਲਾਤਕਾਰੀਆਂ ਦੇ ਦਿਮਾਗ 'ਤੇ ਲੋੜੀਂਦਾ ਅਸਰ ਪਵੇ ਅਤੇ ਬਾਕੀ ਸਮਾਜ ਵੀ ਅਜਿਹਾ ਕਰਨ ਤੋਂ ਪਹਿਲਾਂ ਡਰੇ। ਇਸ ਦੇ ਲਈ ਜ਼ਰੂਰੀ ਹੈ ਕਿ ਜਾਗਰੂਕ ਨਾਗਰਿਕ ਸਿਰਫ ਔਰਤਾਂ ਹੀ ਨਹੀਂ ਮਰਦ ਵੀ, ਸਰਗਰਮ ਪਹਿਲ ਕਰਨ ਤੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਪਾਰਲੀਮੈਂਟ 'ਤੇ ਲਗਾਤਾਰ ਉਦੋਂ ਤੱਕ ਦਬਾਅ ਬਣਾਈ ਰੱਖਣ, ਜਦੋਂ ਤੱਕ ਅਜਿਹੇ ਕਾਨੂੰਨ ਨਹੀਂ ਬਣ ਜਾਂਦੇ। ਜੇ ਅਜਿਹਾ ਹੋ ਜਾਂਦਾ ਹੈ ਤਾਂ ਹੌਲੀ-ਹੌਲੀ ਬਲਾਤਕਾਰ ਦੀ ਸਮੱਸਿਆ 'ਤੇ ਕੁਝ ਕਾਬੂ ਪਾਇਆ ਜਾ ਸਕਦਾ ਹੈ। ਸਭ ਤੋਂ ਵੱਡੀ ਚਿੰਤਾ ਦੀ ਗੱਲ ਇਹ ਹੈ ਕਿ ਸਾਡੇ ਦੇਸ਼ ਦੀਆਂ ਉਹ ਔਰਤਾਂ, ਜੋ ਸਿਆਸਤ 'ਚ ਸਫਲ ਹਨ, ਉਹ ਵੀ ਦਾਮਿਨੀ ਜਾਂ ਮਨੀਸ਼ਾ ਵਰਗੇ ਕਾਂਡਾਂ 'ਤੇ ਆਪਣੀ ਪਾਰਟੀ ਦਾ ਰੁਖ ਦੇਖ ਕੇ ਬਿਆਨਬਾਜ਼ੀ ਕਰਦੀਆਂ ਹਨ। ਸਿਰਫ਼ ਵਿਰੋਧੀ ਪਾਰਟੀਆਂ ਦੀਆਂ ਮਹਿਲਾ ਨੇਤਾ ਆਵਾਜ਼ ਉਠਾਉਂਦੀਆਂ ਹਨ। ਜ਼ਾਹਿਰ ਹੈ ਕਿ ਇਨ੍ਹਾਂ 'ਚ ਆਪਣੀ ਹੀ ਜਮਾਤ ਪ੍ਰਤੀ ਸੰਵੇਦਨਸ਼ੀਲਤਾ ਦੀ ਘਾਟ ਹੈ।

ਔਰਤਾਂ ਪ੍ਰਤੀ ਅਜਿਹੀਆਂ ਦਰਦ-ਨਾਕ ਘਟਨਾਵਾਂ ਦੇ ਬਾਵਜੂਦ ਉਨ੍ਹਾਂ ਦੇ ਹੱਕ ਵਿੱਚ ਇੱਕਜੁੱਟ ਹੋ ਕੇ ਆਵਾਜ਼ ਨਾ ਉਠਾਉਣੀ ਅਤੇ ਅਜਿਹੇ ਸਮੇਂ 'ਚ ਆਪਣੇ ਸਿਆਸੀ ਜੋੜ-ਘਟਾਓ ਲਾਉਣਾ ਬੇਹੱਦ ਸ਼ਰਮਨਾਕ ਹੈ। ਇਸ ਲਈ ਸਮਾਜ ਦੇ ਹਰ ਵਰਗ ਨੂੰ ਇਸ ਸਮੱਸਿਆ ਨਾਲ ਨਜਿੱਠਣ ਲਈ ਸਰਗਰਮ ਹੋਣਾ ਪਵੇਗਾ, ਨਹੀਂ ਤਾਂ ਕੋਈ ਨੂੰਹ-ਬੇਟੀ ਸੁਰੱਖਿਅਤ ਨਹੀਂ ਰਹਿ ਸਕੇਗੀ।

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

Female Nanny Required
We require an experienced, educated full time and Punjabi spoken live in nanny to take care of our 72 years old father. Attractive salary
Email your CV and Resume with scanned copy of CMC/Passport at 551977jk@gmx.com
Call : 905-913-0454
Foreigners can also apply.

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਮੇਰੇ ਹਿੱਸੇ ਦੀਆਂ ਸਿੱਖ ਵਿਦਿਅਕ ਸੰਸਥਾਵਾਂ

-ਗੁਲਜ਼ਾਰ ਸਿੰਘ ਸੰਧੂ

ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦਾ ਗਰੈਜੂਏਟ ਹਾਂ। ਇਸ ਨੂੰ ਸਿੱਖ ਐਜੂਕੇਸ਼ਨਲ ਕੌਂਸਲ ਚਲਾਉਂਦੀ ਹੈ। ਪਿਛਲੇ ਤਿੰਨ ਦਹਾਕੇ ਤੋਂ ਮੈਂ ਚੰਡੀਗੜ੍ਹ ਰਹਿ ਰਿਹਾ ਹਾਂ ਜਿੱਥੇ ਸਿੱਖ ਐਜੂਕੇਸ਼ਨਲ ਸੁਸਾਇਟੀ ਦਾ ਦਫਤਰ ਹੈ। ਵੱਡਾ ਤੇ ਪ੍ਰਭਾਵੀ। ਮੈਂ ਇਨ੍ਹਾਂ ਵਿ-ਦਅਕ ਸੰਸਥਾਵਾਂ ਦੀ ਚੜ੍ਹਤ ਨੂੰ ਵੇਖਿਆ ਹੈ। ਮਾਹਿਲਪੁਰ ਦੀ ਸੰਸਥਾ ਥੱਲੇ ਇੱਕ ਡਿਗਰੀ ਕਾਲਜ, ਇੱਕ ਬੀ ਐਡ ਕਾਲਜ ਤੇ ਇੱਕ ਮਾਡਲ ਸਕੂਲ ਹੀ ਹਨ, ਪਰ ਚੰਡੀਗੜ੍ਹ ਵਾਲੀ ਵਿਦਿਅਕ ਸੰਸਥਾ ਅੱਧੀ ਦਰਜਨ ਕਾਲਜਾਂ ਦੇ ਨਾਲ ਨਾਲ ਏਨੇ ਹੀ ਪਬਲਿਕ ਸਕੂਲ ਚਲਾ ਰਹੀ ਹੈ। ਗੁਰਦਾਸਪੁਰ ਜ਼ਿਲੇ ਦੇ ਕਾਦੀਆਂ ਸ਼ਹਿਰ ਤੱਕ।

ਹਿੰਦੋਸਤਾਨ ਵਿੱਚ ਵਿਦਿਅਕ ਸੰਸਥਾਵਾਂ ਦੀ ਨੀਂਹ ਵੀਹਵੀਂ ਸਦੀ ਦੇ ਮੁੱਢ ਵਿੱਚ ਰੱਖੀ ਗਈ ਸੀ, ਜਦੋਂ ਸਮੁੱਚੇ ਹਿੰਦੋਸਤਾਨੀ ਲੋਕ ਬਰਤਾਨਵੀ ਹਾਕਮਾਂ ਤੋਂ ਮੁਕਤੀ ਲਈ ਹੰਭਲਾ ਮਾਰ ਰਹੇ ਸਨ। ਅਜੋਕੇ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਹਿੰਦੂ, ਮੁਸਲਮਾਨ ਤੇ ਸਿੱਖ। ਸਾਰੇ ਦੇ ਸਾਰੇ। ਆਪਾਂ ਪੰਜਾਬ ਦੀ ਗੱਲ ਕਰੀਏ।

ਬਰਤਾਨਵੀ ਹਾਕਮਾਂ ਨੇ 1849 ਵਿੱਚ ਪੰਜਾਬ ਉੱਤੇ ਕਬਜ਼ਾ ਕਰ ਕੇ ਇਸ ਨੂੰ ਪਹਿਲਾਂ ਨਾਲੋਂ ਵੱਡਾ ਤਾਂ ਕੀਤਾ, ਪਰ ਇਸ ਉੱਤੇ ਆਪਣੀ ਧਾਰਨਾ ਥੋਪਣ ਲਈ ਇਸਾਈ ਮਿਸ਼ਨਰੀਆਂ ਵੱਲੋਂ ਹਸਪਤਾਲ ਤੇ ਵਿਦਿਅਕ ਅਦਾਰੇ ਵੀ ਬਣਾਉਣੇ ਸ਼ੁਰੂ ਕਰ ਦਿੱਤੇ। ਪਹਿਲਾਂ-ਪਹਿਲਾਂ ਹਿੰਦੋਸਤਾਨੀ ਚੁੱਪ ਰਹੇ, ਪਰ ਛੇਤੀ ਹੀ ਉਹ ਵੀ ਇਸਾਈ ਮਿਸ਼ਨਰੀਆਂ ਦਾ ਟਾਕਰਾ ਕਰਨ ਲਈ ਨਿਕਲ ਤੁਰੇ। 1863 ਵਿੱਚ ਬ੍ਰਹਮੋ ਸਮਾਜ ਹੋਂਦ ਵਿੱਚ ਆ ਗਿਆ। ਇਸ ਪਿੱਛੋਂ ਮੁਸਲਮਾਨ, ਹਿੰਦੂਆਂ ਅਤੇ ਸਿੱਖਾਂ ਨੇ ਆਪੋ-ਆਪਣੇ ਧਰਮ ਅਤੇ ਬੋਲੀ ਦੇ ਪ੍ਰਚਾਰ ਲਈ ਕ੍ਰਮਵਾਰ ਅਹਿਮਦੀਆ ਤਨਜ਼ੀਮ (1864), ਆਰੀਆ ਸਮਾਜ (1871) ਤੇ ਸਿੰਘ ਸਭਾ ਲਹਿਰ (1873) ਤਿੰਨ ਜਥੇਬੰਦੀਆਂ ਸਥਾਪਤ ਕਰ ਲਈਆਂ। ਰਾਮਾਇਣ, ਮਹਾਭਾਰਤ, ਭਗਵਤ ਗੀਤਾ ਤੇ ਗ੍ਰੰਥ ਸਾਹਿਬ ਦੇ ਇੱਕ ਤੋਂ ਵੱਧ ਭਾਸ਼ਾਵਾਂ ਵਿੱਚ ਉਲੱਥੇ ਛਪ ਕੇ ਆ ਗਏ।

ਸਿੱਖ ਮਿਸ਼ਨਰੀਆਂ ਨੇ 1892 ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ ਦੀ ਸਥਾਪਨਾ ਕਰ ਲਈ। ਇਸ ਦੇ ਨਾਲ ਦੂਰ-ਦੁਰਾਡੇ ਖੇਤਰਾਂ ਦੀ ਯਾਤਰਾ ਵੀ ਆਰੰਭ ਦਿੱਤੀ। ਜਦੋਂ ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਵਾਲਾ ਗਰੁੱਪ 1907 ਵਿੱਚ ਸਿੰਧ ਗਿਆ ਤਾਂ ਉਨ੍ਹਾਂ ਨੂੰ ਮੁਹੰਮਦਨ ਐਜੂਕੇਸ਼ਨਲ ਕਾਨਫਰੰਸ ਵੱਲੋਂ ਕਰਾਚੀ ਵਿਖੇ ਕਰਵਾਏ ਜਾ ਰਹੇ ਸਮਾਗਮ ਦਾ ਪਤਾ ਲੱਗਾ। ਇਹ ਟੋਲਾ ਉੱਥੇ ਪਹੁੰਚ ਗਿਆ। ਸਾਰੇ ਮੈਂਬਰ ਮੁਹੰਮਦਨ ਕਾਨਫਰੰਸ ਦੀਆਂ ਗਤੀਵਿਧੀਆਂ ਤੇ ਪਾਸ ਹੋਏ ਮਤਿਆਂ ਤੋਂ ਏਨਾ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਸਿੱਖ ਭਾਈਚਾਰੇ ਵੱਲੋਂ ਇਹੋ ਜਿਹੀ ਕਾਨਫਰੰਸ ਸਥਾਪਤ ਕਰਨ ਦਾ ਮਨ ਬਣਾ ਲਿਆ। ਨਤੀਜੇ ਵਜੋਂ ਸੁੰਦਰ ਸਿੰਘ ਮਜੀਠੀਆ ਦੇ ਘਰ ਮੀਟਿੰਗ ਹੋਈ, ਜਿਸ ਵਿੱਚ ਅਖੰਡ ਪੰਜਾਬ ਦੇ ਵੱਡੇ ਬੁੱਧੀਜੀਵੀਆਂ ਨੇ ਭਾਗ ਲਿਆ। ਸਿੱਖ ਕਾਨਫਰੰਸ ਸਥਾਪਤ ਕਰਨ ਦਾ ਫੈਸਲਾ ਹੋਇਆ ਜਿਸ ਦਾ ਦਫਤਰ ਲਾਹੌਰ ਮਿਥਿਆ ਗਿਆ। ਕਾਨਫਰੰਸ ਦੇ ਪਹਿਲੇ ਸਮਾਗਮ ਵਿੱਚ ਸਿੱਖ ਵਿਦਿਅਕ ਪ੍ਰਣਾਲੀ ਨੂੰ ਪੱਛਮੀ ਲੀਹਾਂ ਉਤੇ ਤੋਰਨ ਦਾ ਨਿਰਣਾ ਲਿਆ ਗਿਆ ਜਿਹੜੀ ਉਦੋਂ ਤੱਕ ਮੰਦਰਾਂ ਤੇ ਗੁਰਦੁਆਰਿਆਂ ਤੱਕ ਸੀਮਿਤ ਸੀ। ਪੱਛਮੀ ਲੀਹਾਂ ਅਪਣਾਉਣ ਦਾ ਵੱਡਾ ਕਾਰਨ ਇਸਾਈ ਮਿਸ਼ਨਰੀਆਂ ਦੇ ਪ੍ਰਚਾਰ-ਪਸਾਰ ਨੂੰ ਠੱਲ੍ਹ ਪਾਉਣਾ ਸੀ। ਛੇਤੀ ਹੀ ਸਿੱਖ ਐਜੂਕੇਸ਼ਨਲ ਸੁਸਾਇਟੀ ਵੀ ਸਥਾਪਤ ਹੋ ਗਈ, ਜਿਸ ਨੇ ਲਾਹੌਰ ਵਿਖੇ ਸਿੱਖ ਨੈਸ਼ਨਲ ਕਾਲਜ ਖੋਲ੍ਹਣ ਦਾ ਨਿਰਣਾ ਲੈ ਲਿਆ।

ਮੇਰੀ ਉਪਰੋਕਤ ਜਾਣਕਾਰੀ ਦਾ ਮੁੱਢਲਾ ਸੋਮਾ ਜਗਜੀਤ ਸਿੰਘ ਸੀ, ਜਿਹੜਾ 'ਗਦਰ ਪਾਰਟੀ ਲਹਿਰ' ਦੇ ਲੇਖਕ ਵਜੋਂ ਜਾਣਿਆ ਜਾਂਦਾ ਹੈ। ਉਹ ਮੇਰੀ ਪਤਨੀ ਦੀ ਸਹੇਲੀ ਡਾਕਟਰ ਪ੍ਰਕਾਸ਼ ਕੌਰ ਦਾ ਪਿਤਾ ਸੀ ਤੇ ਸਿੱਖ ਨੈਸ਼ਨਲ ਕਾਲਜ, ਲਾਹੌਰ ਵਿੱਚ ਇੱਕ ਦਹਾਕਾ ਕੈਮਿਸਟਰੀ ਪੜ੍ਹਾਉਂਦਾ ਰਿਹਾ ਸੀ। ਇਹ ਵੀ ਪਤਾ ਲੱਗਿਆ ਸੀ ਕਿ ਲਾਹੌਰ ਵਾਲੇ ਕਾਲਜ ਦੀ ਸਥਾਪਨਾ ਵਿੱਚ ਨਿਰੰਜਣ ਸਿੰਘ ਦਾ ਯੋਗਦਾਨ ਸਭ ਤੋਂ ਵੱਧ ਸੀ। ਓਹੀਓ ਇਸ ਕਾਲਜ ਦਾ ਪਹਿਲਾ ਪ੍ਰਿੰਸੀਪਲ ਬਣਿਆ। ਉਹ ਨਿੱਘੇ ਸਿੱਖ ਨੇਤਾ ਮਾਸਟਰ ਤਾਰਾ ਸਿੰਘ ਦਾ ਛੋਟਾ ਭਰਾ ਸੀ, ਪਰ ਉਹ ਰਾਜਨੀਤੀ ਨਾਲੋਂ ਵਿਦਿਆ ਨੂੰ ਪ੍ਰਨਾਇਆ ਹੋਇਆ ਸੀ। ਉਹ ਏਨੇ ਪੱਕੇ ਇਰਾਦੇ ਵਾਲੀ ਹਸਤੀ ਸੀ ਕਿ ਇਸ ਤੋਂ ਪਹਿਲਾਂ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਪੜ੍ਹਾਉਂਦੇ ਸਮੇਂ ਉਸ ਨੇ ਹਮਖਿਆਲ ਅਧਿਆਪਕਾਂ ਨੂੰ ਨਾਲ ਲੈ ਕੇ ਗੋਰੀ ਸਰਕਾਰ ਦਾ ਦਮ ਭਰਨ ਵਾਲੇ ਸੁੰਦਰ ਸਿੰਘ ਮਜੀਠੀਆ ਦਾ ਵਿਰੋਧ ਕੀਤਾ ਤਾਂ ਫਲਸਰੂਪ ਉਸ ਨੂੰ ਤੇ ਉਸ ਦੇ ਸਾਥੀਆਂ ਨੂੰ ਕਾਲਜ ਤੋਂ ਕੱਢ ਦਿੱਤਾ ਗਿਆ ਸੀ।

ਲਾਹੌਰ ਵਾਲੇ ਸਿੱਖ ਨੈਸ਼ਨਲ ਕਾਲਜ ਦੀ ਕਮਾਂਡ ਨਿਰੰਜਣ ਸਿੰਘ ਨੂੰ ਸੌਂਪਣ ਦਾ ਮੂਲ ਕਾਰਨ ਵੀ ਇਹ ਸੀ ਕਿ ਉਹ ਇਸ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਹਾਣ ਦੀ ਸੰਸਥਾ ਬਣਾ ਸਕਦਾ ਸੀ। ਉਸ ਨੇ ਇਸ ਕਾਲਜ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਵੀ ਨਹੀਂ ਜਾਣ ਦਿੱਤਾ, ਭਾਵੇਂ ਉਸ ਸਮੇਂ ਕਮੇਟੀ ਵਿੱਚ ਪ੍ਰਤਾਪ ਸਿੰਘ ਕੈਰੋਂ ਤੇ ਗਿਆਨੀ ਕਰਤਾਰ ਸਿੰਘ ਵਰਗੇ ਉਘੇ ਸਿਆਸੀ ਨੇਤਾਵਾਂ ਦਾ ਬੋਲਬਾਲਾ ਸੀ। ਫੇਰ ਜਦੋਂ ਕੈਪਟਨ ਅਮਰਿੰਦਰ ਸਿੰਘ ਦੇ ਪਿਤਾ ਮਹਾਰਾਜਾ ਯਾਦਵਿੰਦਰ ਸਿੰਘ ਨੇ ਸਥਾਪਤ ਹੋ ਰਹੇ ਕਾਲਜ ਲਈ ਦੋ ਲੱਖ ਰੁਪਏ ਭੇਜੇ ਤਾਂ ਪੰਜਾਬ ਦੇ ਗਵਰਨਰ ਐਚ ਡੀ ਕਰੈਕ ਨੇ ਵਾਇਸਰਾਏ ਲਿਨਲਿਥਗੋ ਨੂੰ ਇੱਕ ਨਿੱਜੀ ਪੱਤਰ ਲਿਖ ਕੇ ਇਸ ਦਾ ਇਤਰਾਜ਼ ਕੀਤਾ ਸੀ। ਕਾਰਨ ਇਹ ਕਿ ਲਾਹੌਰ ਵਿੱਚ ਬਣ ਰਹੀ ਨਵੀਂ ਸੰਸਥਾ ਗੋਰੀ ਸਰਕਾਰ ਦੀ ਸਰਪ੍ਰਸਤੀ ਵਾਲੇ ਖਾਲਸਾ ਕਾਲਜ, ਅੰਮ੍ਰਿਤਸਰ ਦੀ ਸਾਖ ਨੂੰ ਆਂਚ ਪਹੁੰਚਾ ਸਕਦੀ ਸੀ। ਨਿਰੰਜਣ ਸਿੰਘ ਨੇ ਗਵਰਨਰ ਦੇ ਰੋਸੇ ਦੀ ਕੋਈ ਪ੍ਰਵਾਹ ਨਹੀਂ ਕੀਤੀ। ਇਥੋਂ ਤੱਕ ਕਿ ਉਸ ਨੇ ਆਪਣੇ ਬਲਬੂਤੇ ਉੱਤੇ 1938 ਤੋਂ 1947 ਤੱਕ ਇਸ ਕਾਲਜ ਦੀ ਇਮਾਰਤ ਉੱਤੇ ਤਿਰੰਗਾ ਝੰਡਾ ਵੀ ਲਹਿਰਾਈ ਰੱਖਿਆ।

ਸਿੱਖ ਐਜੂਕੇਸ਼ਨਲ ਸੁਸਾਇਟੀ ਇਸ ਵੇਲੇ ਅੱਧੀ ਦਰਜਨ ਸਿੱਖ ਵਿਦਿਅਕ ਸੰਸਥਾਵਾਂ ਚਲਾ ਰਹੀ ਹੈ, ਚੰਡੀਗੜ੍ਹ ਵਾਲੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਮੇਤ। ਹੋਇਆ ਇਹ ਕਿ ਸੰਤਾਲੀ ਦੀ ਦੇਸ਼ ਵੰਡ ਸਮੇਂ ਲਾਹੌਰ ਦੇ ਪਾਕਿਸਤਾਨ ਦਾ ਹਿੱਸਾ ਬਣ ਜਾਣ ਪਿੱਛੋਂ ਸੁਸਾਇਟੀ ਦੇ ਲਾਹੌਰ ਵਾਲੇ ਪ੍ਰਬੰਧਕਾਂ ਨੂੰ ਪਤਾ ਲੱਗਿਆ ਕਿ ਕਾਦੀਆਂ (ਗੁਰਦਾਸਪੁਰ) ਵਾਲੇ ਇਸਲਾਮੀਆ ਕਾਲਜ ਦੀ ਇਮਾਰਤ ਖਾਲੀ ਹੋ ਚੁੱਕੀ ਹੈ। ਫੇਰ ਕੀ ਸੀ, ਨਿਰੰਜਣ ਸਿੰਘ ਨੇ ਆਪਣੇ ਹਮਸਫਰਾਂ ਨਾਲ ਮਿਲ ਕੇ ਫੈਸਲਾ ਕੀਤਾ ਕਿ ਏਥੇ ਨਵੇਂ ਸਿਰੇ ਸਿੱਖ ਨੈਸ਼ਨਲ ਕਾਲਜ ਦੀ ਸਥਾਪਨਾ ਹੋ ਸਕਦੀ ਹੈ। ਉਹ ਲਾਹੌਰ ਵਾਲੇ ਅਧਿਆਪਕਾਂ ਦੇ ਸੰਪਰਕ ਵਿੱਚ ਸੀ। ਸਾਰੇ ਦਾ ਸਾਰਾ ਅਮਲਾ ਏਥੇ ਹਾਜ਼ਰ ਹੋ ਗਿਆ ਅਤੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਹੋਂਦ ਵਿੱਚ ਆਇਆ। ਬਾਵਾ ਹਰਿਕਿਸ਼ਨ ਸਿੰਘ ਵੀ ਏਥੇ ਆ ਗਿਆ, ਜਿਹੜਾ ਨਿਰੰਜਣ ਸਿੰਘ ਦੇ ਦਿੱਲੀ ਚਲੇ ਜਾਣ 'ਤੇ ਇਸ ਕਾਲਜ ਦਾ ਪ੍ਰਿੰਸੀਪਲ ਬਣਿਆ। ਏਥੇ ਵਿਦਿਆ ਦਾ ਮਿਆਰ ਏਨਾ ਚੰਗਾ ਸੀ ਕਿ ਉਭਰਦਾ ਕਵੀ ਸ਼ਿਵ ਕੁਮਾਰ ਬਟਾਲਵੀ ਬਟਾਲੇ ਵਾਲਾ ਕ੍ਰਿਸ਼ਚੀਅਨ ਕਾਲਜ ਛੱਡ ਕੇ ਏਥੇ ਦਾਖਲ ਹੋਇਆ। ਇਸ ਕਾਲਜ ਦਾ ਧਰਮ-ਨਿਰਪੱਖ ਧਾਰਨਾ ਨੂੰ ਅਪਣਾਏ ਹੋਣਾ ਵੀ ਇੱਕ ਕਾਰਨ ਸੀ। 1963 ਵਿੱਚ ਸ਼ਹੀਦ ਭਗਤ ਸਿੰਘ ਨਗਰ ਦੇ ਕਸਬਾ ਬੰਗਾ ਵਿੱਚ ਸਿੱਖ ਨੈਸ਼ਨਲ ਕਾਲਜ ਬਣਨ ਉਪਰੰਤ ਵੀ ਪੂਰੀ ਦੀ ਪੂਰੀ ਪਹੁੰਚ ਪਹਿਲਾਂ ਵਾਲੀ ਰਹੀ। ਮਾਇਆ ਦੀ ਘਾਟ ਨਹੀਂ ਰਹੀ। ਹਰ ਸਾਲ ਬੈਂਕਾਕ, ਵੈਨਕੂਵਰ, ਸਰੀ ਅਤੇ ਸਾਊਥਾਲ ਦੇ ਵਸਨੀਕ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਮਾਇਆ ਇਕੱਠੀ ਕਰ ਕੇ ਸੁਸਾਇਟੀ ਨੂੰ ਭੇਜਦੇ ਰਹਿੰਦੇ ਹਨ। ਸਮੇਂ ਨਾਲ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਲਈ ਚੰਡੀਗੜ੍ਹ ਨਾਂਅ ਦਾ ਨਵਾਂ ਸ਼ਹਿਰ ਵਸਾਏ ਜਾਣ ਤੋਂ ਪਿੱਛੋਂ ਏਥੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ਉੱਤੇ 1966 ਵਿੱਚ ਡਿਗਰੀ ਕਾਲਜ, 1973 ਵਿੱਚ ਮਹਿਲਾ ਕਾਲਜ ਅਤੇ 1982 ਵਿੱਚ ਫਾਰਮੇਸੀ ਕਲਾਜ ਸਥਾਪਤ ਹੋਇਆ। 1992 ਤੋਂ ਸੁਸਾਇਟੀ ਵੱਲੋਂ ਏਥੇ ਇੱਕ ਪਬਲਿਕ ਸਕੂਲ ਵੀ ਚਲਾਇਆ ਜਾ ਰਿਹਾ ਹੈ। ਏਸ ਸੁਸਾਇਟੀ ਨੂੰ ਚੰਗੀਆਂ ਤੇ ਪ੍ਰਵਾਨਤ ਲੀਹਾਂ 'ਤੇ ਤੋਰੀ ਰੱਖਣ ਲਈ ਸੁਸਾਇਟੀ ਦੇ ਪ੍ਰਧਾਨ ਸੇਵਾਮੁਕਤ ਆਈ ਏ ਐੱਸ ਗੁਰਦੇਵ ਸਿੰਘ ਦਾ ਪ੍ਰਸ਼ਾਸਨਕ ਅਨੁਭਵ ਤੇ ਸੇਵਾਮੁਕਤ ਕਰਨਲ ਜਸਮੇਰ ਸਿੰਘ ਬਾਲਾ ਦਾ ਸੈਨਿਕ ਬਲਬੂਤਾ ਪ੍ਰਾਪਤ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਸਥਾਪਨਾ ਵਿੱਚ ਵੀ ਸਿੱਖ ਐਜੂਕੇਸ਼ਨਲ ਕਾਨਫਰੰਸ ਲਾਹੌਰ ਦਾ ਹੱਥ ਹੈ। ਉਨ੍ਹਾਂ ਦਿਨਾਂ ਵਿੱਚ ਮਾਹਿਲਪੁਰ ਵਾਲਾ ਹਰਭਜਨ ਸਿੰਘ ਅੰਬਾਲਾ ਦੇ ਕਿਸੇ ਸਕੂਲ ਦਾ ਹੈਡਮਾਸਟਰ ਸੀ। ਉਸ ਨੂੰ ਲਾਹੌਰ ਵਾਲੀ ਜਾਗ੍ਰਤੀ ਨੇ ਅੰਬਾਲਾ ਛੱਡ ਕੇ ਆਪਣੇ ਜੱਦੀ ਖੇਤਰ ਮਾਹਿਲਪੁਰ ਆਉਣ ਲਈ ਪ੍ਰੇਰਿਆ ਅਤੇ ਉਸ ਨੇ ਏਥੋਂ ਵਾਲੇ ਖਾਲਸਾ ਹਾਈ ਸਕੂਲ ਦੀ ਕਮਾਂਡ ਸਾਂਭ ਲਈ। (ਇਸ ਸਕੂਲ ਨੂੰ ਅੱਜਕੱਲ੍ਹ ਸਰਕਾਰ ਨੇ ਸਾਂਭ ਲਿਆ ਹੈ।) ਉਸ ਨੇ ਵਿਦਿਆ ਦੇ ਏਸ ਮੰਦਰ ਨੂੰ ਏਨੇ ਪ੍ਰਭਾਵੀ ਢੰਗ ਨਾਲ ਚਲਾਇਆ ਕਿ ਇਲਾਕੇ ਦੇ ਵਸਨੀਕ ਅਸ਼-ਅਸ਼ ਕਰ ਉਠੇ। ਏਸ ਮਹਿਮਾ ਨੇ ਹਰਭਜਨ ਸਿੰਘ ਦੇ ਮਨ ਵਿੱਚ ਮਾਹਿਲਪੁਰ ਵਿਖੇ ਕਾਲਜ ਪੱਧਰ ਦਾ ਵਿਦਿਆਲਾ ਬਣਾਉਣ ਦਾ ਬੀਜ ਬੀਜਿਆ।

ਸਰਦਾਰ ਬਲਦੇਵ ਸਿੰਘ, ਜੋ ਅੱਗੇ ਜਾ ਕੇ ਸੁਤੰਤਰ ਭਾਰਤ ਦਾ ਪਹਿਲਾ ਰੱਖਿਆ ਮੰਤਰੀ ਬਣਿਆ, ਅੰਬਾਲਾ ਪੜ੍ਹਦੇ ਸਮੇਂ ਹਰਭਜਨ ਸਿੰਘ ਦਾ ਵਿਦਿਆਰਥੀ ਰਹਿ ਚੁੱਕਿਆ ਸੀ। ਉਹਦੇ ਵੱਲੋਂ ਸਹਾਇਤਾ ਮਿਲਣੀ ਕੁਦਰਤੀ ਸੀ। 1946 ਵਿੱਚ ਮਾਹਿਲਪੁਰ ਵਿਖੇ ਕਾਲਜ ਸਥਾਪਤ ਹੋ ਗਿਆ ਤੇ ਹਰਭਜਨ ਸਿੰਘ ਨੂੰ ਉਸ ਦਾ ਪ੍ਰਿੰਸੀਪਲ ਥਾਪਿਆ ਗਿਆ। ਏਸ ਕਾਲਜ ਨੇ ਖੇਡ ਜਗਤ ਦੇ ਵੱਡੇ ਸਿਤਾਰੇ ਪੈਦਾ ਕੀਤੇ ਅਤੇ ਵਿਦਿਆ ਦੇ ਖੇਤਰ ਵਿੱਚ ਸਮਕਾਲੀ ਸੰਸਥਾਵਾਂ ਨੂੰ ਮਾਤ ਪਾਈ। ਪ੍ਰਿੰਸੀਪਲ ਹਰਭਜਨ ਸਿੰਘ ਦੀ ਦੂਰਅੰਦੇਸ਼ੀ ਸਦਕਾ ਜਦੋਂ ਮਾਹਿਲਪੁਰ ਵਿਖੇ ਸਿੱਖ ਐਜੂਕੇਸ਼ਨਲ ਕੌਂਸਲ ਸਥਾਪਤ ਹੋਈ ਤਾਂ ਇਲਾਕੇ ਦੀ ਸਨਮਾਨਤ ਹਸਤੀ ਸੰਤ ਹਰੀ ਸਿੰਘ ਕੁਹਾਰਪੁਰ ਨੂੰ ਇਸ ਦਾ ਪ੍ਰਧਾਨ ਥਾਪਿਆ ਗਿਆ। ਇਸ ਨਾਲ ਪ੍ਰਿੰਸੀਪਲ ਨੂੰ ਬਲ ਮਿਲਿਆ। ਸੰਤ ਹਰੀ ਸਿੰਘ ਨੇ ਕਾਲਜ ਦੇ ਕੰਮਾਂ ਵਿੱਚ ਕੋਈ ਦਖਲ ਨਹੀਂ ਦਿੱਤਾ।

ਆਪਣੇ ਪੱਧਰ ਉੱਤੇ ਸਿੱਖ ਐਜੂਕੇਸ਼ਨਲ ਕੌਂਸਲ ਮਾਹਿਲਪੁਰ ਵੀ ਆਪਣੇ ਕਾਲਜ ਨੂੰ ਬਿਨਾਂ ਕਿਸੇ ਦਖਲ ਦੇ ਚਲਾਉਂਦੀ ਰਹੀ ਹੈ। ਇਸ ਨੇ ਪੰਜਾਬ ਨੂੰ ਅਰਜੁਨਾ ਐਵਾਰਡੀ ਫੁੱਟਬਾਲ ਖਿਡਾਰੀ ਜਰਨੈਲ ਸਿੰਘ ਤੇ ਗੁਰਦੇਵ ਸਿੰਘ ਗਿੱਲ ਹੀ ਨਹੀਂ ਦਿੱਤੇ, ਪਰਮਵੀਰ ਚੱਕਰ ਜੇਤੂ ਤੇ ਪੰਜਾਬ ਰਤਨ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਤੇ ਵੀਰ ਚੱਕਰ ਜੇਤੂ ਸਵਿੰਦਰ ਸਿੰਘ ਬੈਂਸ ਵੀ ਦਿੱਤੇ ਹਨ। ਸ਼ੇਕਸਪੀਅਰ ਦੇ ਅਧਿਐਨ ਤੇ ਅਧਿਆਪਨ ਵਿੱਚ ਅੰਤਰਰਾਸ਼ਟਰੀ ਮਾਹਿਰ ਵਜੋਂ ਜਾਣਿਆ ਜਾਂਦਾ ਯਸ਼ਦੀਪ ਸਿੰਘ ਬੈਂਸ ਵੀ ਏਸੇ ਕਾਲਜ ਦੀ ਉਪਜ ਹੈ। ਭਲੇ ਦਿਨਾਂ ਵਿੱਚ ਏਥੋਂ ਵਾਲੀ ਵਿ-ਦਅਕ ਕੌਂਸਲ ਦੇ ਯਤਨਾਂ ਨਾਲ ਏਥੇ ਬੀ ਐਡ ਕਾਲਜ ਤੇ ਇੱਕ ਮਾਡਲ ਸਕੂਲ ਵੀ ਸਥਾਪਤ ਹੋ ਚੁੱਕਿਆ ਹੈ।

ਪੰਜਾਬ ਦੇ ਕਾਲਜਾਂ ਦੀ ਸਮੁੱਚੀ ਦੇਣ ਨੂੰ ਪਰਖਣ ਵਾਲੀ 'ਨੈਕ' ਨੇ ਪਿੱਛੇ ਜਿਹੇ ਇਸ ਕਾਲਜ ਨੂੰ ਪ੍ਰਥਮ ਦਰਜਾ ਪ੍ਰਦਾਨ ਕੀਤਾ ਹੈ। ਖੂਬੀ ਇਹ ਕਿ ਡਿਪਾਰਟਮੈਂਟ ਆਫ ਸਾਇੰਸ ਐਂਡ ਟੈਕਨਾਲੋਜੀ, ਨਵੀਂ ਦਿੱਲੀ ਦੇ ਬਾਇਓਟੈਕਨਾਲੋਜੀ ਵਿਭਾਗ ਵੱਲੋਂ ਏਸ ਕਾਲਜ ਨੂੰ ਸਟਾਰ ਕਾਲਜ ਸਕੀਮ ਦਿੱਤੀ ਜਾ ਚੁੱਕੀ ਹੈ। ਕੱਲ੍ਹ ਤੱਕ ਏਕ ਕਾਲਜ ਦਾ ਪ੍ਰਿੰਸੀਪਲ ਪੰਜਾਬ ਯੂਨੀਵਰਸਿਟੀ ਪ੍ਰਿੰਸੀਪਲ ਐਸੋਸੀਏਸ਼ਨ ਦਾ ਚੁਣਿਆ ਹੋਇਆ ਜਨਰਲ ਸਕੱਤਰ ਵੀ ਰਹਿ ਚੁੱਕਿਆ ਹੈ।


ਮੰਦੇ ਭਾਗਾਂ ਨੂੰ ਇਹ ਉੱਚ ਦੁਮਾਲੜੀ ਸੰਸਥਾ ਅੱਜ ਚੰਗੀ ਕਾਰਗੁਜ਼ਾਰੀ ਵਾਲੇ ਕਾਰਿੰਦਿਆਂ ਨੂੰ ਦਰਕਿਨਾਰ ਕਰ ਰਹੀ ਹੈ। ਕਿਸੇ ਹੱਦ ਤੱਕ ਏਸ ਰੁਝਾਨ ਦੀ ਨੀਂਹ ਰੱਖਣ ਵਾਲਾ ਇੱਕ ਅਜਿਹਾ ਪ੍ਰਿੰਸੀਪਲ ਸੀ, ਜਿਸ ਦੇ ਕੀਤੇ ਨੂੰ ਠੀਕ ਮਾਰਗ ਉੱਤੇ ਤੋਰਨ ਲਈ ਉਸ ਦੇ ਬਾਅਦ ਵਾਲੇ ਨੂੰ ਦ੍ਰਿੜ੍ਹਤਾ ਨਾਲ ਕੰਮ ਕਰਨਾ ਪਿਆ ਸੀ। ਅੱਜ ਇਸ ਸਿੱਖ ਸੰਸਥਾ ਵਿੱਚ ਅਜਿਹੇ ਬੰਦਿਆਂ ਦਾ ਦਖਲ ਵਧ ਗਿਆ ਹੈ, ਜਿਹੜੇ ਲੀਹੋਂ ਲੱਥੇ ਸਿੱਖ ਅਤੇ ਪਟੜੀਓਂ ਉਤਰੇ ਸਿਆਸਤਦਾਨ ਹਨ। ਹਾਲ ਹੀ ਵਿੱਚ ਕਾਲਜ ਅਧੀਨ ਚੱਲ ਰਹੇ ਖੇਤੀਬਾੜੀ ਡਿਗਰੀ ਕੋਰਸ ਦਾ ਖੁੱਸਣਾ ਅਜੋਕੇ ਪਤਨ ਵੱਲ ਇਸ਼ਾਰਾ ਮਾਤਰ ਹੈ।

ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਜਦੋਂ ਦੇਸ਼ ਵੰਡ ਪਿੱਛੋਂ ਪਾਕਿਸਤਾਨ ਤੋਂ ਉਜੜ ਕੇ ਆਏ ਲੱਖਾਂ ਸ਼ਰਨਾਰਥੀ ਦਿੱਲੀ ਜਾ ਵਸੇ ਤਾਂ ਉਨ੍ਹਾਂ ਲਈ ਉਥੇ ਪੜ੍ਹਾਈ ਦਾ ਯੋਗ ਪ੍ਰਬੰਧ ਨਹੀਂ ਸੀ। ਲਾਹੌਰ ਤੋਂ ਕਾਦੀਆਂ ਵਾਲਾ ਪ੍ਰਿੰਸੀਪਲ ਨਿਰੰਜਣ ਸਿੰਘ ਹੀ ਸੀ, ਜਿਸ ਨੇ ਬਿਰਲਾ ਮੰਦਰ ਦੇ ਨੇੜੇ ਸਥਾਪਤ ਹਾਈ ਕੋਰਟ ਬਟਲਰ ਦੇ ਸਕੂਲ ਦੇ ਪ੍ਰਬੰਧਕਾਂ ਨਾਲ ਰਾਬਤਾ ਕਰ ਕੇ ਸਕੂਲ ਦੀਆਂ ਸ਼ਾਮ ਵੇਲੇ ਖਾਲੀ ਇਮਾਰਤਾਂ ਵਿੱਚ ਕਾਲਜ ਚਾਲੂ ਕਰਵਾ ਲਿਆ। ਇਹ ਪੰਜਾਬ ਯੂਨੀਵਰਸਿਟੀ ਵੱਲੋਂ ਸੀ ਤੇ ਇਸ ਦਾ ਨਾਮ ਪੰਜਾਬੀ ਯੂਨੀਵਰਸਿਟੀ ਕੈਂਪ ਕਾਲਜ ਰੱਖਿਆ ਗਿਆ। ਏਥੇ ਦਿਨ ਵੇਲੇ ਨੌਕਰੀ ਕਰਨ ਵਾਲੇ ਸ਼ਰਨਾਰਥੀ ਹੀ ਨਹੀਂ, ਮੇਰੇ ਵਰਗੇ ਹੋਰ ਵੀ ਦਾਖਲਾ ਲੈ ਸਕਦੇ ਸਨ। ਮੈਂ ਉਸੇ ਕਾਲਜ ਤੋਂ ਅੰਗਰੇਜ਼ੀ ਦੀ ਐੱਮ ਏ ਕੀਤੀ ਹੈ।

ਮੈਂ ਨਿੱਜੀ ਤੌਰ 'ਤੇ ਸਿੱਖ ਵਿਦਿਅਕ ਸੰਸਥਾਵਾਂ ਨਾਲ ਜੁੜੇ ਦੋਵੇਂ ਮਹਾਰਥੀਆਂ ਦਾ ਰਿਣੀ ਹੈ। ਜੇ ਪ੍ਰਿੰਸੀਪਲ ਹਰਭਜਨ ਸਿੰਘ ਮਾਹਿਲਪੁਰ ਵਿੱਚ ਖਾਲਸਾ ਕਾਲਜ ਨਾ ਸਥਾਪਤ ਕਰਵਾਉਂਦਾ ਤਾਂ ਮੈਂ ਆਪਣੇ ਜੱਦੀ ਪਿੰਡ ਹਲਵਾਹਕ ਹੋ ਕੇ ਰਹਿ ਜਾਣਾ ਸੀ ਤੇ ਜੇ ਪ੍ਰਿੰਸੀਪਲ ਨਿਰੰਜਣ ਸਿੰਘ ਦਿੱਲੀ ਵਿੱਚ ਕੈਂਪ ਕਾਲਜ ਦੀ ਨੀਂਹ ਨਾ ਰੱਖਦੇ ਤਾਂ ਮੈਂ ਆਪਣੇ ਜੀਵਨ ਵਿੱਚ ਉਹ ਕੁਝ ਨਹੀਂ ਸੀ ਪ੍ਰਾਪਤ ਕਰਨਾ, ਜੋ ਕੀਤਾ ਹੈ। ਮੇਰੀ ਆਸ਼ਾਵਾਦੀ ਭਾਵਨਾ ਮੈਨੂੰ ਇਹ ਵੀ ਕਹਿ ਰਹੀ ਹੈ ਕਿ ਮਾਹਿਲਪੁਰੀਏ ਏਨੇ ਗਏ ਗੁਜ਼ਰੇ ਨਹੀਂ ਕਿ ਸਿੱਖ ਐਜੂਕੇਸ਼ਨਲ ਕੌਂਸਲ ਮਾਹਿਲਪੁਰ ਨੂੰ ਮੁੜ ਲੀਹੇ ਨਾ ਪਾ ਸਕਣ। ਉਥੇ ਵੀ ਸੇਵਾਮੁਕਤ ਪ੍ਰਸ਼ਾਸਕਾਂ ਤੇ ਸੈਨਿਕ ਅਫਸਰਾਂ ਦੀ ਘਾਟ ਨਹੀਂ। ਦੇਰ ਹੋ ਸਕਦੀ ਹੈ, ਹਨੇਰ ਨਹੀਂ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


## ਵਿਅੰਗ: ਮੁਕੰਮਲ ਮਿਲਾਵਟ ਦਾ ਇਹ ਜ਼ਮਾਨਾ

-ਨੂਰ ਸੰਤੋਖਪੁਰੀ-

ਹੋਰ ਦੇਸ਼ਾਂ ਦੀਆਂ ਗੱਲਾਂ ਹੋਰ ਹਨ। ਸਾਡੇ 'ਮਹਾਨ' ਦੇਸ਼ ਅੰਦਰ ਜਿਹੜਾ ਜ਼ਮਾਨਾ ਹੈ, ਬਿਲਕੁਲ ਸੌ ਫੀਸਦੀ ਸੱਚ ਸਿੱਧ ਹੋ ਗਿਆ ਹੈ ਕਿ ਇਹ ਟੋਟਲ, ਮੁਕੰਮਲ ਮਿਲਾਵਟ ਦਾ ਜ਼ਮਾਨਾ ਹੈ। ਉਹ ਕਿਹੜੀ ਸ਼ੈਅ ਹੈ, ਜਿਹੜੀ ਮਿਲਾਵਟਖੋਰਾਂ ਦੀ ਨਜ਼ਰ ਤੋਂ ਬਚੀ ਹੋਵੇ ਅਤੇ ਆਪਣੇ ਅਸਲੀ ਤੇ ਸ਼ੁੱਧ ਰੂਪ ਵਿੱਚ ਕਾਇਮ ਰਹਿ ਸਕੀ ਹੋਵੇ? ਹਰ ਸਾਲ ਸਾਡੇ 'ਪਿਆਰੇ' ਦੇਸ਼ ਅੰਦਰ ਓਨੇ ਲੋਕ ਰੋਗਾਂ ਤੋਂ ਗ੍ਰਸਤ ਹੋ ਕੇ, ਸੜਕ ਹਾਦਸਿਆਂ ਦਾ ਸ਼ਿਕਾਰ ਹੋ ਕੇ, ਕੁਦਰਤੀ ਕਰੋਪੀਆਂ ਦੀ ਮਾਰ ਕਾਰਨ 'ਧਰਮਰਾਜ ਦੀ ਕਚਹਿਰੀ' ਵਿੱਚ ਜਾ ਕੇ ਹਾਜ਼ਰ ਨਹੀਂ ਹੁੰਦੇ ਹੋਣੇ, ਜਿੰਨੇ ਮਿਲਾਵਟੀ ਚੀਜ਼ਾਂ ਖਾ-ਪੀ ਕੇ, ਮੁਸ਼ਕਲ ਨਾਲ ਹਜ਼ਮ ਕਰ ਕੇ 'ਉਸ ਦੀ ਕਚਹਿਰੀ' ਵਿੱਚ ਜਾ ਪਹੁੰਚਦੇ ਹਨ। ਸਾਡੇ 'ਮਹਾਨ' ਮੁਲਕ ਦੀ ਇੱਕ ਆਮ ਤੇ ਪ੍ਰਸਿੱਧ ਧਾਰਨਾ (ਮਾਨਤਾ) ਹੈ ਕਿ ਸਭ ਨੂੰ ਜਹਾਨ ਤੋਂ ਕੂਚ ਕਰਨ ਪਿੱਛੋਂ 'ਉਸ ਦੀ ਕਚਹਿਰੀ' ਵਿੱਚ ਆਪਣੇ ਕਰਮਾਂ ਦਾ, ਕਾਰਸਤਾਨੀਆਂ, ਕਰਤੂਤਾਂ, ਕੁਕਰਮਾਂ ਦਾ ਲੇਖਾ-ਜੋਖਾ ਦੇਣਾ ਪੈਂਦਾ ਹੈ। ਆਪਣੇ ਦੇਸ਼ ਦੇ ਕੁੱਲ ਮਿਲਾਵਟਖੋਰ ਇਹੋ ਜਿਹੀ ਕਿਸੇ ਮਾਨਤਾ ਜਾਂ ਧਾਰਨਾ 'ਤੇ 'ਧਾਰ' ਨਹੀਂ ਮਾਰਦੇ। ਉਹ ਬੱਸ, ਆਪਣੇ ਲਾਭ ਅਤੇ ਮੁਨਾਫੇ ਦਾ 'ਲੇਖਾ ਜੋਖਾ', 'ਹਿਸਾਬ-ਕਿਤਾਬ' ਸਿੱਧਾ ਰੱਖਦੇ ਹਨ। ਮੁੱਖ ਰੱਖਦੇ ਹਨ। ਉਨ੍ਹਾਂ ਨੇ ਲੋਕਾਂ ਦੀ ਸਿਹਤ ਤੇ ਤੰਦਰੁਸਤੀ ਤੋਂ ਕੀ ਲੈਣਾ-ਦੇਣਾ? ਉਨ੍ਹਾਂ ਦਾ ਭਾਵ ਮਿਲਾਵਟ ਕਰਨ ਵਾਲਿਆਂ ਦਾ ਆਪਣਾ ਸ਼ੁੱਧ ਤੇ ਸਿੱਧਾ ਫਲਸਫਾ ਕੁਝ ਇਸ ਤਰ੍ਹਾਂ ਦਾ ਹੁੰਦਾ ਹੈ :

ਇਥੇ ਲੱਗਿਆ ਰਹਿੰਦਾ ਹੈ ਆਉਣਾ-ਜਾਣਾ।
ਇਹ ਸੰਸਾਰ ਰੈਣ-ਬਸੇਰਾ ਜਾਂ ਮੁਸਾਫਰਖਾਨਾ।
ਅਸਾਂ ਲੋਕਾਂ ਦੀਆਂ ਜ਼ਿੰਦਗੀਆਂ ਤੋਂ ਕੀ ਲੈਣਾ-ਦੇਣਾ?
ਅਸਾਂ ਵੱਧ ਤੋਂ ਵੱਧ ਲਾਭ ਤੇ ਮੁਨਾਫਾ ਕਮਾਣਾ।
ਸੈਂਪਲ ਭਰਨ ਵਾਲਿਆਂ ਨਾਲ ਸਾਡਾ ਪੀਣਾ-ਖਾਣਾ।
ਅਸੀਂ ਕਿਸੇ ਸਖਤ ਕਾਨੂੰਨ ਤੋਂ ਕਿਉਂ ਘਬਰਾਣਾ?"

ਲੋਕ ਕਹਿੰਦੇ ਹਨ ਕਿ ਖਾਣ-ਪੀਣ ਵਾਲੀਆਂ ਤੇ ਹੋਰ ਜਿਨ੍ਹਾਂ ਵਸਤਾਂ ਦੇ ਸੈਂਪਲ ਭਰੇ ਜਾਂਦੇ ਨੇ, ਸਿੰਪਲ ਜਿਹੀ ਗੱਲ ਹੈ ਕਿ ਭ੍ਰਿਸ਼ਟ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੀ 'ਮਿਹਰ ਭਰੀ' ਕਾਰਵਾਈ ਹੇਠ ਉਨ੍ਹਾਂ ਵਸਤਾਂ ਦੇ ਸੈਂਪਲ ਪਰਖ ਕਰਨ ਵਾਲੀਆਂ ਲੈਬਰਾਟਰੀਜ਼ ਤੱਕ ਪਹੁੰਚਦੇ ਹੀ ਨਹੀਂ। ਜੇ ਕੁਝ ਨਮੂਨੇ ਪਰਖ ਵੀ ਲਏ ਜਾਣ ਤਾਂ ਉਨ੍ਹਾਂ 'ਚੋਂ ਜ਼ਿਆਦਾਤਰ ਦੀ ਰਿਪੋਰਟ ਓ ਕੇ ਐਲਾਨ ਦਿੱਤੀ ਜਾਂਦੀ ਹੈ। ਬਹੁਤ ਘੱਟ ਨਮੂਨੇ ਫੇਲ੍ਹ ਕਰਾਰ ਦਿੱਤੇ ਜਾਂਦੇ ਹਨ।

ਮਿਲਾਵਟ ਕਰਨ ਵਾਲਿਆਂ, ਉਨ੍ਹਾਂ ਨੂੰ ਸਰਪ੍ਰਸਤੀ ਦੇਣ ਵਾਲੇ ਸਿਆਸੀ ਲੀਡਰਾਂ ਅਤੇ ਭ੍ਰਿਸ਼ਟ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਦਿਲਾਂ ਨੂੰ ਵਾਹਵਾ ਕਰਾਰ ਮਿਲਦਾ ਹੈ। ਕਾਨੂੰਨ ਰੜੇ-ਮੈਦਾਨ ਖੜ੍ਹਾ ਸ਼ਰਮਿੰਦਾ ਹੁੰਦਾ ਹੈ। ਨੇਕ ਇਮਾਨਦਾਰ ਹਰ ਸਰਕਾਰੀ ਅਫਸਰ ਤੇ ਮੁਲਾਜ਼ਮ ਲਾਚਾਰ ਦਿਖਾਈ ਦਿੰਦਾ ਹੈ। ਇਸ 'ਮਹਾਨ' ਮੁਲਕ ਦਾ ਅਵਾਮ ਅਵਾਜ਼ਾਰ ਦਿਖਾਈ ਦਿੰਦਾ ਹੈ। ਇਹ ਸੌ ਪ੍ਰਤੀਸ਼ਤ ਸਿੱਧ ਹੋ ਗਿਆ ਹੈ ਕਿ ਭਾਰਤ 'ਚ ਕੋਈ ਅਜਿਹੀ ਜੇਲ੍ਹ ਨਹੀਂ ਬਣੀ, ਜਿੱਥੇ ਭ੍ਰਿਸ਼ਟਾਚਾਰੀਆਂ, ਘੋਟਾਲੇਬਾਜ਼ਾਂ, ਮੁਨਾਫਾਖੋਰਾਂ, ਮਿਲਾਵਟ ਕਰਨ ਵਾਲਿਆਂ ਆਦਿ ਨੂੰ 'ਦਾਲ ਰੋਟੀ' ਖਾਣੀ ਪਵੇ? ਮਿਲਾਵਟ ਕਰਨ ਵਾਲੇ ਦੇਸ਼ ਦੀ ਵਧਦੀ ਆਬਾਦੀ 'ਤੇ ਆਪਣੇ ਫਾਰਮੂਲੇ ਮੁਤਾਬਕ 'ਕਾਬੂ' ਪਾਉਣ ਵਿੱਚ ਮਦਦ ਕਰਦੇ ਹਨ, ਸ਼ਾਇਦ ਇਸੇ ਲਈ ਉਨ੍ਹਾਂ 'ਚੋਂ ਬਹੁਤ ਘੱਟ 'ਮਾਣਯੋਗ' ਮਿਲਾਵਟਖੋਰਾਂ ਨੂੰ ਸਜ਼ਾ ਹੁੰਦੀ ਹੈ।

ਕਦੇ ਵਹਿੰਦੀਆਂ ਹੋਣਗੀਆਂ ਭਾਰਤ 'ਚ ਖਾਲਸ ਤੇ ਅਸਲੀ ਦੁੱਧ ਦੀਆਂ ਨਦੀਆਂ, ਪਿਛਲੇ ਕਈ ਸਾਲਾਂ ਤੋਂ ਨਾਖਾਲਸ (ਅਸ਼ੁੱਧ) ਅਤੇ ਨਕਲੀ ਦੁੱਧ ਦੇ ਦਰਿਆ ਵਹਿੰਦੇ ਹਨ। ਨਾਲ ਤਰ੍ਹਾਂ-ਤਰ੍ਹਾਂ ਦੇ ਮਾਰੂ ਨਸ਼ਿਆਂ ਦੇ ਸਾਗਰ ਵਹਿੰਦੇ ਹਨ, ਜਿਨ੍ਹਾਂ 'ਚ ਕਈ ਕਹਿੰਦੇ-ਕਹਾਉਂਦੇ 'ਤਾਰੂ' ਡੁੱਬ ਕੇ ਮਰ ਗਏ ਤੇ ਮਰ ਰਹੇ ਹਨ। ਨਕਲੀ ਤੇ ਮਿਲਾਵਟੀ ਚੀਜ਼ਾਂ ਖਾ-ਖਾ ਕੇ, ਪੀ-ਪੀ ਕੇ ਲੋਕਾਂ ਦੀ ਸਿਹਤ ਖਰਾਬ ਹੁੰਦੀ ਹੈ, ਨਾਲ ਕਈਆਂ ਦੀ ਬੁੱਧ ਵੀ ਸ਼ੁੱਧ ਨਹੀਂ ਰਹਿੰਦੀ। ਉਹ ਫਿਰ ਕੋਈ ਸ਼ੁੱਧ, ਸੱਚਾ, ਨੇਕ, ਇਮਾਨਦਾਰਾਨਾ ਕੰਮ ਕਿਵੇਂ ਕਰ ਸਕਦੇ ਹਨ? ਅਖੇ 'ਜਿਹੋ ਜਿਹਾ ਮੇਰਾ ਦੇਸ਼, ਤੇਰਾ ਅੰਨ-ਪਾਣੀ, ਉਹੋ ਜਿਹਾ ਮੇਰੇ ਦੇਸ਼, ਮੇਰੇ ਕੰਮ ਜਾਣੀਂ।" ਕਈ ਨਸ਼ੇ-ਪੱਤੇ ਵੀ ਅਸਲੀ ਨਹੀਂ ਹੁੰਦੇ। ਨਕਲੀ ਤੇ ਮਿਲਾਵਟੀ ਹੁੰਦੇ ਨੇ। ਦੁੱਧ-ਚੁੰਘਾਉਂਦੀਆਂ ਮਾਵਾਂ ਦਾ ਦੁੱਧ ਵੀ ਸ਼ੁੱਧ ਨਹੀਂ ਰਿਹਾ। ਇਸ ਵਿੱਚ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੇ ਅੰਸ਼ ਪਾਏ ਜਾਂਦੇ ਹਨ। ਗੈਰ-ਕੁਦਰਤੀ ਢੰਗ ਨਾਲ ਉਗਾਈਆਂ ਫਸਲਾਂ, ਸਬਜ਼ੀਆਂ, ਦਾਲਾਂ ਤੇ ਚੰਗੇ 'ਫਲ' ਤੇ ਅਸਰ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ? ਪਹਿਲਾਂ ਦੁਧਾਰੂ ਪਸ਼ੂਆਂ ਦਾ ਦੁੱਧ ਅਤੇ ਮਾਵਾਂ ਜਾਏ ਪੁੱਤ ਵੇਚਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ ਸੀ। ਅੱਜ ਨਕਲੀ ਤੇ ਅਸ਼ੁੱਧ ਦੁੱਧ, ਇਸ ਦੁੱਧ ਤੋਂ ਬਣੀਆਂ ਚੀਜ਼ਾਂ ਸ਼ਰੇਆਮ ਵਿਕਦੀਆਂ ਹਨ। ਦਾਜ ਦੀ ਮੰਡੀ ਵਿੱਚ ਪੁੱਤ ਵਿਕਦੇ ਹਨ। ਧੀਆਂ ਦੇ ਗਰੀਬ ਮਾਪੇ ਆਪਣੀਆਂ ਧੀਆਂ ਦੇ ਵਿਆਹ ਵੇਲੇ ਵਿਲਕਦੇ ਹਨ। ਧੰਨ ਹਨ ਉਹ ਲੋਕ, ਜਿਹੜੇ ਬਿਨਾਂ ਦਾਜ ਲਏ ਆਪਣੇ ਪੁੱਤਾਂ ਦੇ ਵਿਆਹ ਕਰਦੇ ਹਨ। ਹੋਰਨਾਂ ਦੀਆਂ ਧੀਆਂ-ਭੈਣਾਂ ਦਾ ਅਦਬ ਸਤਿਕਾਰ ਕਰਦੇ ਹਨ। ਆਪਣੇ ਪੁੱਤ ਨਹੀਂ ਵੇਚਦੇ।

ਮਿਲਾਵਟ ਕਰਨ ਵਾਲਿਆਂ ਤੇ ਵਾਲੀਆਂ ਨੇ ਆਪਣੀ ਮਿਲਾਵਟ ਦੀ ਕਲਾ ਨਾਲ ਫਿਲਮਾਂ, ਗੀਤ-ਸੰਗੀਤ, ਨਾਟਕ, ਕਵਿਤਾ, ਕਹਾਣੀ, ਨਾਵਲ, ਚਿੱਤਰਕਲਾ, ਪੱਤਰਕਾਰੀ ਆਦਿ ਖੇਤਰਾਂ ਵਿੱਚ ਵੀ ਖੂਬ ਝੰਡੇ ਗੱਡੇ ਹਨ। ਆਪਣੇ ਨਾਵਾਂ ਦੇ ਡੰਕੇ ਵਜਵਾਏ ਹਨ। ਅਸਲੀ, ਵਧੀਆ ਅਦੀਬ, ਫਨਕਾਰ, ਸੰਗੀਤਕਾਰ, ਨਾਟਕਕਾਰ, ਗਾਇਕ, ਚਿੱਤਰਕਾਰ, ਪੱਤਰਕਾਰ ਆਦਿ ਖੂੰਜੇ ਲੱਗੇ ਪਏ ਹਨ। ਭੁੰਝੇ ਲੱਥੇ ਪਏ ਹਨ। ਜੁਗਾੜ ਪੰਥੀ ਤੇ ਨਕਲੀ, ਹਰ ਤਰ੍ਹਾਂ ਦੇ ਚਾਤਰ ਤੇ ਚਲਾਕ ਲੋਕ 'ਸਫਲਤਾ' ਦੇ ਸਿਖਰ 'ਤੇ ਪਹੁੰਚ ਪਏ ਹਨ। ਸਭਿਅਤਾ, ਸਭਿਆਚਾਰ ਅਤੇ ਤਹਿਜ਼ੀਬ ਖੇਤਰਾਂ 'ਚ ਵੀ ਨਕਲੀਅਤ ਤੇ ਮਿਲਾਵਟ ਦੇ ਧੂੰਏਂ ਦਾ ਗੁਬਾਰ ਛਾਇਆ ਪਿਆ ਹੈ। ਅਸਲੀਅਤ ਤੇ ਸੱਚਾਈ, ਈਮਾਨਦਾਰੀ ਤੇ ਸੱਚੀ ਮਿਹਨਤ ਦੀ ਕੋਈ ਕੀਮਤ, ਕੋਈ ਕਦਰ ਨਹੀਂ ਰਹਿ ਗਈ। ਸੱਚੇ ਭੁੱਖੇ ਮਰਦੇ ਨੇ। ਤਰ੍ਹਾਂ-ਤਰ੍ਹਾਂ ਦਾ ਨਕਲੀ ਸਾਮਾਨ ਬਣਾਉਣ ਵਾਲੇ, ਚੀਜ਼ਾਂ ਤੇ ਕਲਾਵਾਂ 'ਚ ਮਿਲਾਵਟ ਕਰਨ ਵਾਲੇ ਆਪਣੇ ਵਿੱਤ ਤੇ ਪਾਵਰ ਮੁਤਾਬਕ 'ਮਿਹਨਤ' ਕਰੀ ਜਾਂਦੇ ਹਨ। ਬੇਕਸੂਰ ਤੇ ਅਣਭੋਲ ਲੋਕ ਆਪਣੀ ਸਿਹਤ ਤੇ ਸਰਮਾਏ ਦਾ ਨੁਕਸਾਨ ਉਠਾ ਰਹੇ ਹਨ। ਕਲਮਕਾਰ ਦੁਹਾਈ ਪਾ ਰਹੇ ਹਨ। ਕਈ ਨਕਲੀ ਦਵਾਈਆਂ ਤੇ ਮਠਿਆਈਆਂ ਖਾ-ਖਾ ਕੇ 'ਉਸ' ਦੀ ਕਚਹਿਰੀ 'ਚ ਜਾਈ ਜਾ ਰਹੇ ਹਨ।

## ਦਲਿਤ ਵਿਦਿਆਰਥੀਆਂ ਨੂੰ ਨਵੀਂ ਵਜ਼ੀਫਾ ਸਕੀਮ ਮਿਲੇਗੀ


ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ)- ਪੰਜਾਬ ਮੰਤਰੀ ਮੰਡਲ ਵੱਲੋਂ 14 ਨੂੰ ਹੋ ਰਹੀ ਕੈਬਨਿਟ ਮੀਟਿੰਗ ਵਿੱਚ ਦਲਿਤ ਵਿਦਿਆਰਥੀਆਂ ਲਈ ਨਵੀਂ ਵਜ਼ੀਫਾ ਸਕੀਮ ਨੂੰ ਹਰੀ ਝੰਡੀ ਦੇਣ ਦੀ ਸੰਭਾਵਨਾ ਹੈ। ਕੇਂਦਰ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਤੋਂ ਹੱਥ ਪਿਛਾਂਹ ਖਿੱਚ ਲਏ ਗਏ ਹਨ ਅਤੇ ਉਪਰੋਂ ਵਜ਼ੀਫਾ ਸਕੈਂਡਲ ਬਾਰੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੋਇਆ ਹੈ। ਪੰਜਾਬ ਵਿੱਚ ਚੱਲਦੇ ਦਲਿਤ ਅੰਦੋਲਨ ਦੇ ਮੱਦੇ ਨਜ਼ਰ ਪੰਜਾਬ ਸਰਕਾਰ ਨਵੀਂ ਵਜ਼ੀਫਾ ਸਕੀਮ ਲਿਆ ਰਹੀ ਹੈ ਤਾਂ ਜੋ ਵਿਰੋਧੀ ਸੁਰਾਂ ਨੂੰ ਨਰਮ ਪਾਇਆ ਜਾ ਸਕੇ।

ਜਾਣਕਾਰ ਸੂਤਰਾਂ ਅਨੁਸਾਰ ਪੰਜਾਬ ਸਰਕਾਰ ਵੱਲੋਂਨਵੀਂ ਵਜ਼ੀਫਾ ਸਕੀਮ ਦਾ ਨਾਂਅ ਡਾਕਟਰ ਬੀ ਆਰ ਅੰਬੇਦਕਰ ਦੇ ਨਾਂਅ ਉਤੇ ਰੱਖੇ ਜਾਣ ਦੇ ਚਰਚੇ ਹਨ ਕਿਉਂਕਿ ਇਸ ਦਾ ਸਾਰਾ ਖਰਚਾ ਪੰਜਾਬ ਸਰਕਾਰ ਨੇ ਝੱਲਣਾ ਹੈ। ਪੰਜਾਬ ਸਰਕਾਰ ਦਲਿਤ ਵਰਗ ਨੂੰ ਸ਼ਾਂਤ ਕਰਨ ਤੇ ਸਿਆਸੀ ਲਾਹੇ ਲਈ ਨਵੀਂ ਵਜ਼ੀਫਾ ਸਕੀਮ ਦੇ ਨਾਮਕਰਨ ਦੀ ਰੂਪ ਰੇਖਾ ਉਲੀਕ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਦਲਿਤ ਬੱਚਿਆਂ ਲਈ ਇਸ ਸਕੀਮ ਹੇਠ ਸਾਲਾਨਾ 500 ਕਰੋੜ ਰੁਪਏ ਰੱਖੇ ਜਾਣ ਦੀ ਗੱਲ ਆਖੀ ਗਈ ਸੀ।

### ਸਿੱਖਾਂ ਨੇ ਸਦੀ ਪੁਰਾਣਾ ਇਤਿਹਾਸ ਨੂੰ ਦੁਹਰਾਇਆ:

## ਦਲਿਤ ਤੇ ਘੱਟ ਗਿਣਤੀ ਜਥੇਬੰਦੀ ਨੇ ਸੰਗਤੀ ਰੂਪ ਵਿੱਚ ਹਰਿਮੰਦਰ ਸਾਹਿਬ ਵਿੱਚ ਦੇਗ ਕਰਵਾਈ

ਅੰਮ੍ਰਿਤਸਰ, 13 ਅਕਤੂਬਰ (ਪੋਸਟ ਬਿਊਰੋ)- ਦਲਿਤ ਅਤੇ ਘੱਟ ਗਿਣਤੀ ਜਥੇਬੰਦੀ ਨੇ ਹੋਰਨਾਂ ਨਾਲ ਮਿਲ ਕੇ ਕਰੀਬ ਸੌ ਸਾਲ ਪਹਿਲਾਂ ਵਾਪਰੀ ਘਟਨਾ ਦੀ ਯਾਦ ਵਿੱਚ 'ਦਲਿਤ ਮੁੜ ਪ੍ਰਵੇਸ਼ ਹਰਿਮੰਦਰ ਸਾਹਿਬ' ਸਮਾਗਮ ਕੀਤਾ ਅਤੇ ਹਰਿਮੰਦਰ ਸਾਹਿਬ ਵਿਖੇ ਕੜਾਹ ਪ੍ਰਸਾਦ ਦੀ ਦੇਗ ਕਰਵਾਈ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਵੀ ਕਰਵਾਈ ਗਈ ਅਤੇ ਮੰਗ ਪੱਤਰ ਵੀ ਸੌਂਪਿਆ ਗਿਆ।



ਭਾਈ ਗੁਰਦਾਸ ਹਾਲ ਵਿੱਚ ਹੋਏ ਸਮਾਗਮ ਦੌਰਾਨ ਸਵੇਰੇ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਤੇ ਗੁਰਬਾਣੀ ਦੇ ਕੀਰਤਨ ਮਗਰੋਂ ਸੌ ਸਾਲ ਪਹਿਲਾਂ ਵਾਪਰੀ ਘਟਨਾ ਦੇ ਇਤਿਹਾਸ 'ਤੇ ਚਾਨਣਾ ਪਾਇਆ ਗਿਆ। ਜਥੇਬੰਦੀ ਦੇ ਪ੍ਰਧਾਨ ਡਾ. ਕਸ਼ਮੀਰ ਸਿੰਘ ਖੁੰਡਾ ਨੇ ਦੱਸਿਆ ਕਿ ਅੰਗਰੇਜ਼ਾਂ ਦੇ ਰਾਜ ਵੇਲੇ ਜਦੋਂ ਸ੍ਰੀ ਦਰਬਾਰ ਸਾਹਿਬ ਤੇ ਹੋਰ ਗੁਰੂ ਧਾਮਾਂ ਉਤੇ ਮਹੰਤ ਕਾਬਜ਼ ਹੋ ਗਏ ਸਨ ਤਾਂ ਉਨ੍ਹਾਂ ਨੇ ਦਲਿਤ ਸਿੱਖਾਂ ਨੂੰ ਗੁਰੂ ਘਰਾਂ 'ਚ ਆਉਣ ਤੋਂ ਰੋਕ ਦਿੱਤਾ ਸੀ ਅਤੇ ਕੜਾਹ ਪ੍ਰਸ਼ਾਦ ਵੀ ਪ੍ਰਵਾਨ ਨਹੀਂ ਕੀਤਾ ਜਾਂਦਾ ਸੀ। ਇਸ ਬਾਰੇ 10, 11 ਅਤੇ 12 ਅਕਤੂਬਰ 1920 ਨੂੰ ਜੱਲ੍ਹਿਆਂਵਾਲਾ ਬਾਗ ਵਿੱਚ ਇਕੱਠ ਕੀਤਾ ਗਿਆ ਅਤੇ ਦੋ ਦਿਨ ਦੀਵਾਨ ਚੱਲੇ ਅਤੇ 12 ਅਕਤੂਬਰ ਦੇ ਦਿਨ ਖਾਲਸਾ ਕਾਲਜ ਦੇ ਪ੍ਰੋਫੈਸਰ ਤੇਜਾ ਸਿੰਘ ਭੁੱਚਰ, ਪ੍ਰੋਫੈਸਰ ਨਰਿੰਜਨ ਸਿੰਘ, ਦਲਿਤ ਸਿੱਖ ਆਗੂ ਮਹਿਤਾਬ ਸਿੰਘ, ਕਰਤਾਰ ਸਿੰਘ ਝੱਬਰ ਤੇ ਹੋਰਨਾਂ ਨਾਲ ਦਲਿਤ ਸਿੱਖ ਭਾਈਚਾਰੇ ਦੀ ਸੰਗਤ ਦਰਬਾਰ ਸਾਹਿਬ ਪੁੱਜੀ, ਜਿੱਥੇ ਕਾਬਜ਼ ਮਹੰਤਾਂ ਨਾਲ ਉਨ੍ਹਾਂ ਦੀ ਤਕਰਾਰ ਹੋਈ ਅਤੇ ਬਾਅਦ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਲੈਣ 'ਤੇ ਗੱਲ ਮੁੱਕੀ। ਹੁਕਮਨਾਮਾ ਹੱਕ ਵਿੱਚ ਆਇਆ ਤਾਂ ਮਹੰਤ ਛੱਡ ਕੇ ਭੱਜ ਗਏ। ਉਸ ਵੇਲੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਈ ਗਈ ਅਤੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਕੀਤੀ ਗਈ।

ਅੱਜ 100 ਸਾਲ ਪਹਿਲਾਂ ਵਾਂਗ ਖਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਪ੍ਰਥਮ ਬੁਲਾਰੇ ਵਜੋਂ ਸੰਬੋਧਨ ਕਰਦਿਆਂ ਕਿਹਾ ਕਿ ਇਸ ਲਹਿਰ ਵਿੱਚੋਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖਾਂ ਦੀ ਰਾਜਸੀ ਜਥੇਬੰਦੀ ਵਜੋਂ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਏ ਹਨ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਜੋਸ਼ੋ-ਖਰੋਸ਼ ਨਾਲ ਮਨਾਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਇਸ ਘਟਨਾ ਦੇ 100 ਸਾਲ ਬੀਤਣ ਮਗਰੋਂ ਅੱਜ ਚਿੰਤਨ ਤੇ ਮੰਥਨ ਦੀ ਲੋੜ ਹੈ। ਭਾਈ ਮਰਦਾਨਾ ਦੀ ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸ਼ੁਰੂ ਤੋਂ ਭਾਈ ਮਰਦਾਨਾ ਨੂੰ ਨਾਲ ਰੱਖਿਆ ਸੀ। ਉਨ੍ਹਾਂ ਆਖਿਆ, "ਸੰਗਤ ਤੇ ਪੰਗਤ ਦਾ ਸਿਧਾਂਤ ਖਤਮ ਹੁੰਦਾ ਜਾ ਰਿਹਾ ਹੈ, ਪਿੰਡਾਂ ਵਿੱਚ ਜਾਤਾਂ 'ਤੇ ਆਧਾਰਤ ਗੁਰਦੁਆਰੇ ਅਤੇ ਸ਼ਮਸ਼ਾਨ ਘਾਟ ਬਣੇ ਹੋਏ ਹਨ। ਅੱਜ ਮੁੜ ਪੁਰਾਤਨ ਸਿਧਾਂਤਾਂ 'ਤੇ ਚੱਲਣ ਦੀ ਲੋੜ ਹੈ। ਗੁਰੂ ਸਿਧਾਂਤ ਨਾਲ ਸਿਆਸਤ ਨਹੀਂ ਹੋਣੀ ਚਾਹੀਦੀ ਹੈ।"

ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਨੇ ਮੰਗ ਰੱਖੀ ਕਿ ਖਾਲਸਾ ਕਾਲਜ ਦੇ ਵਿਦਿਅਕ ਅਦਾਰਿਆਂ ਵਿੱਚ ਦਲਿਤ ਸਿੱਖ ਵਿਦਿਆਰਥੀਆਂ ਨੂੰ ਮੁਫਤ ਵਿਦਿਆ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਇਸ ਦੌਰਾਨ ਪ੍ਰੋਫੈਸਰ ਤੇਜਾ ਸਿੰਘ ਭੁੱਚਰ ਅਤੇ ਕਰਤਾਰ ਸਿੰਘ ਝੱਬਰ ਦੇ ਪਰਵਾਰ ਵਿੱਚੋਂ ਵੀ ਮੈਂਬਰ ਪੁੱਜੇ ਹੋਏ ਸਨ, ਜਿਨ੍ਹਾਂ ਵਿੱਚ ਭੁਪਿੰਦਰ ਸਿੰਘ ਅਤੇ ਹਰਚਰਨ ਸਿੰਘ ਸ਼ਾਮਲ ਸਨ। ਇਸੇ ਤਰ੍ਹਾਂ ਦੇਗ ਲੈ ਕੇ ਜਾਣ ਵਾਲੇ ਪਾਲਾ ਸਿੰਘ ਦੇ ਪਰਵਾਰ ਵਿੱਚੋਂ ਕਿਰਪਾਲ ਸਿੰਘ ਰਾਹੀ ਸ਼ਾਮਲ ਸਨ।

## ਅਕਾਲੀ ਦਲ ਦੇ ਦੋ ਸੰਵਿਧਾਨ; ਜ਼ਿਲ੍ਹਾ ਅਦਾਲਤ ਵੱਲੋਂ ਬਾਦਲ ਨੂੰ ਸੰਮਨ ਉਤੇ ਰੋਕ ਜਾਰੀ

ਚੰਡੀਗੜ੍ਹ, 13 ਅਕਤੂਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਦੋਹਰੇ ਸੰਵਿਧਾਨ ਦੇ ਕੇਸ ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ ਨੂੰ ਹੁਸ਼ਿਆਰਪੁਰ ਜ਼ਿਲ੍ਹਾ ਅਦਾਲਤ ਵੱਲੋਂ ਜਾਰੀ ਸੰਮਨ ਦੇ ਹੁਕਮਾਂ 'ਤੇ ਹਾਈ ਕੋਰਟ ਨੇ ਪਿੱਛਲੇ ਸਾਲ ਜਿਹੜੀ ਰੋਕ ਲਾਈ ਸੀ, ਉਸ ਨੂੰ ਹਾਈ ਕੋਰਟ ਨੇ ਜਾਰੀ ਰੱਖ ਕੇ ਅਗਲੀ ਸੁਣਵਾਈ 10 ਨਵੰਬਰ ਤੱਕ ਟਾਲ ਦਿੱਤੀ ਹੈ।



ਪਤਾ ਲੱਗਾ ਹੈ ਕਿ ਕੱਲ੍ਹ ਪਟੀਸ਼ਨਰ ਦੇ ਵਕੀਲ ਅਸ਼ੋਕ ਅਗਰਵਾਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਮਾਮਲੇ ਅਨੁਸਾਰ ਹਾਈ ਕੋਰਟ ਨੇ ਸ਼ਿਕਾਇਤਕਰਤਾ ਨੂੰ ਜੋ ਨੋਟਿਸ ਜਾਰੀ ਕੀਤਾ ਸੀ, ਉਸ ਦਾ ਜਵਾਬ ਉਨ੍ਹਾਂ ਨੂੰ ਦੋ ਦਿਨ ਪਹਿਲਾਂ ਮਿਲਿਆ ਹੈ। ਇਸ ਲਈ ਜਵਾਬ ਦੇਣ ਵਾਸਤੇ ਵਕਤ ਦਿੱਤਾ ਜਾਵੇ। ਜਸਟਿਸ ਸੰਜੇ ਕੁਮਾਰ ਨੇ ਇਸ ਮੰਗ ਨੂੰ ਮੰਨਦੇ ਹੋਏ ਪਹਿਲਾਂ ਵਾਲੇ ਆਰਜ਼ੀ ਹੁਕਮਾਂ ਨੂੰ ਜਾਰੀ ਰੱਖ ਕੇ ਸੁਣਵਾਈ 10 ਨਵੰਬਰ ਤੱਕ ਮੁਲਤਵੀ ਕਰ ਦਿੱਤੀ ਹੈ।

ਵਰਨਣਯੋਗ ਹੈ ਕਿ ਸਮਾਜ ਸੇਵੀ ਬਲਵੰਤ ਸਿੰਘ ਖੇੜਾ ਨੇ ਹੁਸ਼ਿਆਰਪੁਰ ਦੀ ਜ਼ਿਲ੍ਹਾ ਅਦਾਲਤ ਵਿੱਚ 2009 ਵਿੱਚ ਅਕਾਲੀ ਦਲ ਦੇ 'ਦੋਹਰੇ ਸੰਵਿਧਾਨ' ਵਿਰੁੱਧ ਸ਼ਿਕਾਇਤ ਕੀਤੀ ਸੀ। ਇਸ ਵਿੱਚ ਕਿਹਾ ਗਿਆ ਸੀ ਕਿ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਦਕ ਕਮੇਟੀ ਦੀਆਂ ਚੋਣਾਂ ਵਿੱਚ ਖੁਦ ਨੂੰ 'ਧਾਰਮਿਕ ਜਥੇਬੰਦੀ' ਦੱਸਦਾ ਹੈ ਅਤੇ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿੱਚ ਖੁਦ ਨੂੰ ਸਿਆਸੀ ਪਾਰਟੀ ਕਰਾਰ ਦੇ ਦਿੰਦਾ ਹੈ। ਇਸ ਕੇਸ ਵਿੱਚ ਹੁਸ਼ਿਆਰਪੁਰ ਜ਼ਿਲ੍ਹਾ ਅਦਾਲਤ ਨੇ ਬੀਤੇ ਸਾਲ ਚਾਰ ਨਵੰਬਰ ਨੂੰ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਦਲਜੀਤ ਸਿੰਘ ਚੀਮਾ ਨੂੰ ਸੰਮਨ ਜਾਰੀ ਕਰ ਕੇ ਅਦਾਲਤ ਨੇ ਪੇਸ਼ ਹੋਣ ਦੇ ਹੁਕਮ ਕੀਤੇ ਸਨ, ਪਰ ਤਿੰਨਾਂ ਨੇ ਸੰਮਨ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੰਦਿਆਂ ਕਿਹਾ ਸੀ ਕਿ ਸ਼ਿਕਾਇਤਕਰਤਾ ਬਲਵੰਤ ਸਿੰਘ ਖੇੜਾ ਨੇ ਇਹ ਸ਼ਿਕਾਇਤ ਕਰਨਤੋਂ ਪਹਿਲਾਂ 2007 ਵਿੱਚ ਸੁਪਰੀਮ ਕੋਰਟ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ, ਜੋ ਰੱਦ ਕੀਤੀ ਜਾ ਚੁੱਕੀ ਹੈ।

## ਗੁਰਦਾਸਪੁਰ ਤੇ ਫਾਜ਼ਿਲਕਾ ਦੇ ਪੁਲਾਂ ਦਾ ਆਨਲਾਈਨ ਉਦਘਾਟਨ

ਗੁਰਦਾਸਪੁਰ, 13 ਅਕਤੂਬਰ (ਪੋਸਟ ਬਿਊਰੋ)- ਜ਼ਿਲ੍ਹਾ ਗੁਰਦਾਸਪੁਰ ਅਤੇ ਫਾਜ਼ਿਲਕਾ ਵਿੱਚ ਬਹੁਤ ਜ਼ਿਆਦਾਲੋੜ ਵਾਲੇ ਪੁਲ ਕੱਲ੍ਹ ਉਦਘਾਟਨ ਮਗਰੋਂ ਲੋਕਾਂ ਦੀ ਲੋੜ ਲਈ ਸਮਰਪਤ ਕਰ ਦਿੱਤੇ ਗਏ ਹਨ।



ਇਨ੍ਹਾਂ ਪੁਲਾਂ ਦੇ ਸਾਂਝੇ ਉਦਘਾਟਨ ਪਿੱਛੋਂ ਲੋਕ ਨਿਰਮਾਣ ਮੰਤਰੀ ਵਿਜੈ ਇੰਦਰ ਸਿੰਗਲਾ ਨੇ ਕਿਹਾ ਕਿ ਇਹ ਦਿਨ ਇਤਿਹਾਸਕ ਹੈ ਕਿ ਆਨਲਾਈਨ ਹੋਏ ਉਦਘਾਟਨੀ ਸਮਾਰੋਹ, ਜਿਸ ਦੀ ਪ੍ਰਧਾਨਗੀ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਕੀਤੀ ਹੈ, ਵਿੱਚ ਪੰਜਾਬ ਦੇ ਚਾਰ ਪੁਲਾਂ ਦਾ ਉਦਘਾਟਨ ਕੀਤਾ ਗਿਆ ਹੈ। ਇਨ੍ਹਾਂ ਪੁਲਾਂ ਵਿੱਚੋਂਜ਼ਿਲ੍ਹਾ ਗੁਰਦਾਸਪੁਰ ਵਿੱਚਤਿੰਨ ਪੁਲਅਤੇ ਜ਼ਿਲ੍ਹਾ ਫਾਜ਼ਿਲਕਾ ਵਿੱਚ ਇੱਕ ਪੁਲਬਣਾਇਆ ਗਿਆ ਹੈ।ਸਿੰਗਲਾ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਘੋਨੇਵਾਲਾ-ਰਸੂਲਪੁਰ ਸੜਕ 'ਤੇ ਕਾਸੋਵਾਲ ਵਿੱਚ ਧਰਮਕੋਟ ਪੱਤਣ ਨੇੜੇ ਰਾਵੀ ਦਰਿਆ ਉਪਰ ਬਣਾਇਆ ਗਿਆ ਹੈ। ਇਹ 483.95 ਮੀਟਰ ਲੰਬਾ ਮਲਟੀ ਸੈਲ ਬਾਕਸ ਬ੍ਰਿਜ (ਸਬਮਰਸੀਬਲ) ਸੁਰੱਖਿਆ ਫੋਰਸਾਂ ਲਈ ਜ਼ਰੂਰੀ ਸੰਪਰਕ ਦੇਣ ਦੇ ਨਾਲਉਨ੍ਹਾਂ ਦੇ ਕੰਮਾਂ ਵਿੱਚ ਸਹਾਈ ਹੋਵੇਗਾ। ਇਸ ਤੋਂ ਇਲਾਵਾ ਸਰਹੱਦ ਨਾਲ ਲੱਗਦੇ ਕਾਸੋਵਾਲ ਐਨਕਲੇਵ ਦੇ ਬਹੁਤ ਸਾਰੇ ਪਿੰਡ ਸਮਾਜਕ ਅਤੇ ਆਰਥਕ ਤੌਰ 'ਤੇ ਮੁੱਖ ਸ਼ਹਿਰਾਂ ਨਾਲ ਜੁੜਨਗੇ। ਪੁਲਾਂ ਦੀ ਲੋੜ ਬਾਰੇ ਕੈਬਨਿਟ ਮੰਤਰੀ ਸਿੰਗਲਾ ਨੇ ਕਿਹਾ ਕਿ ਕਾਸੋਵਾਲ ਐਨਕਲੇਵ ਬਰਸਾਤਾਂ ਦੇ ਦਿਨਾਂ ਨੂੰ ਛੱਡ ਕੇ ਬਾਕੀ ਦਿਨਾਂ ਵਿੱਚ ਸੀਮਿਤ ਸਮਰੱਥਾ ਵਾਲੇ ਪੈਨਟੂਨ ਪੁਲ ਰਾਹੀਂ ਸੂਬੇ ਦੇ ਬਾਕੀ ਹਿੱਸੇ ਨਾਲ ਜੁੜਿਆ ਰਹਿੰਦਾ ਹੈ, ਪਰ ਬਰਸਾਤਾਂ ਵਿੱਚ ਹਰ ਸਾਲ ਇਹ ਪੁਲ ਹਟਾਉਣਾ ਪੈਂਦਾ ਹੈ। ਇਸੇ ਤਰ੍ਹਾਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਡੋਗਰਾ ਮੰਦਰ-ਪੜੋਲ-ਜਨਿਆਲ-ਬਮਿਆਲ ਸੜਕ 'ਤੇ 42.96 ਮੀਟਰ ਲੰਬਾ ਬਾਜ਼ੂ ਪੁਲ ਪੰਜਾਬ ਸਰਕਾਰ ਨੇ ਬਣਵਾਇਆ ਹੈ, ਜਿਹੜਾ ਦੋ ਮਾਰਗੀ ਮਲਟੀ ਸੈਲ ਬਾਕਸ ਬ੍ਰਿਜ਼ ਹੈ। ਇਸ ਦਾ ਕੰਮ ਮਈ 2019 ਵਿੱਚ ਸ਼ੁਰੂ ਕੀਤਾ ਗਿਆ ਸੀ, ਭਾਰੀ ਆਵਾਜਾਈ ਅਤੇ ਮੀਂਹ ਕਾਰਨ ਕੰਮ ਨੂੰ ਨਿਰਵਿਘਨ ਚਲਾਉਣਾ ਚੁਣੌਤੀ ਸੀ, ਪਰ ਲੋਕ ਨਿਰਮਾਣ ਵਿਭਾਗ ਦੀ ਸਖਤ ਮਿਹਨਤ ਤੇ ਟੀਮ ਦੇ ਦ੍ਰਿੜ ਯਤਨਾਂ ਸਦਕਾ, 42.96 ਮੀਟਰ ਲੰਮਾ ਇਹ ਪੁਲ ਪੰਜ ਮਹੀਨਿਆਂ ਵਿੱਚ ਪੂਰਾ ਕਰ ਲਿਆ ਹੈ।ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦਾ ਤੀਜਾ 'ਸ਼ਿੰਗਾਰਵਾਂ ਪੁਲ' ਪਰਮਾਨੰਦ-ਤਾਰਾਗੜ੍ਹ-ਕਥਲੌਰ-ਐਨ ਜੇ ਐਸ-ਪੜੋਲ ਮਾਰਗ 'ਤੇ ਬਣਾਇਆ ਗਿਆ ਹੈ। ਇਹ ਸੜਕ ਜੰਮੂ-ਕਸ਼ਮੀਰ (ਯੂ ਟੀ) ਨੂੰ ਪੰਜਾਬ ਨਾਲ ਜੋੜਦੀ ਹੈ ਅਤੇ ਪਠਾਨਕੋਟ ਤੋਂ ਜੰਮੂ ਤੱਕ ਨੈਸ਼ਨਲ ਹਾਈਵੇ 1ਏ ਦਾ ਬਦਲਵਾਂ ਰਸਤਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਨਾਲੇ ਵਿੱਚ ਪਾਣੀ ਦੇ ਤੇਜ਼ ਵਹਾਅ ਕਾਰਨ ਪਰਮਾਨੰਦ-ਤਾਰਾਗੜ੍ਹ-ਕਥਲੌਰ-ਐਨ ਜੇ ਐਸ ਪੜੋਲ ਸੜਕ ਬਹੁਤਾ ਸਮਾਂ ਆਵਾਜਾਈ ਦੇ ਯੋਗ ਨਹੀਂ ਰਹਿੰਦੀ ਸੀ। ਪੁਲ ਦਾ ਨਿਰਮਾਣ 9 ਮਹੀਨਿਆਂ ਦੇ ਰਿਕਾਰਡ ਸਮੇਂ ਵਿੱਚ ਪੂਰਾ ਕਰ ਲਿਆ ਗਿਆ ਹੈ।ਜ਼ਿਲ੍ਹਾ ਫਾਜ਼ਿਲਕਾ ਵਿੱਚ ਬਣਾਏ ਪੁਲ ਬਾਰੇ ਉਨ੍ਹਾਂ ਕਿਹਾ ਕਿ ਚਾਲੀ ਮੀਟਰ ਲੰਮਾ ਸਟੀਲ ਦੇ ਢਾਚੇ ਵਾਲਾ ਇਹ ਪੁਲ ਸਬੁਨਾ-ਮੌਜ਼ਮ ਵਿਖੇ ਬਣਾਇਆ ਹੈ ਤੇ ਇਹ ਸਰਹੱਦੀ ਖੇਤਰਾਂ ਦੇ ਪਿੰਡਾਂ ਨੂੰ ਆਵਾਜਾਈ ਦੀ ਸਹੂਲਤ ਦੇਵੇਗਾ ਤੇ ਫਾਜ਼ਿਲਕਾ ਤੋਂ ਮੌਜੂਦਾ ਪੀ ਡਬਲਯੂ ਡੀ ਸੜਕ ਨੂੰ ਖਾਨਪੁਰ ਤੋਂ ਕੇਰਿਆਂ ਪਿੰਡ ਨਾਲ ਜੋੜੇਗਾ।

## ਚਚੇਰੀ ਭੈਣ ਨੂੰ ਸਿਰ ਵਿੱਚ ਗੋਲੀਆਂ ਮਾਰ ਕੇ ਮਾਰਿਆ

ਪਟਿਆਲਾ, 13 ਅਕਤੂਬਰ (ਪੋਸਟ ਬਿਊਰੋ)- ਪਿੰਡ ਬੋਲੜ ਕਲਾਂ ਵਿੱਚ ਇੱਕ ਨੌਜਵਾਨ ਨੇ ਆਪਣੇ ਚਾਚੇ ਦੀ ਕੁੜੀ ਨੂੰ ਫੋਨ 'ਤੇ ਗੱਲਾਂ ਕਰਦਿਆਂ ਦੇਖ ਸ਼ੱਕ ਵਿੱਚ ਉਸ ਦੇ ਸਿਰ ਵਿੱਚ ਦੋ ਗੋਲੀਆਂ ਮਾਰ ਦਿੱਤੀਆਂ। ਲੜਕੀ ਦਾ 28 ਅਕਤੂਬਰ ਨੂੰ ਵਿਆਹ ਸੀ। ਲੜਕੇ ਨੂੰ ਸ਼ੱਕ ਸੀ ਕਿ ਉਸ ਦੀ ਭੈਣ ਵਿਆਹ ਤੋਂ ਪਹਿਲਾਂ ਭੱਜ ਜਾਵੇਗੀ। ਦੁਪਹਿਰੇ ਵਾਪਰੀ ਘਟਨਾ ਤੋਂ ਬਾਅਦ ਨੌਜਵਾਨ ਫਰਾਰ ਹੋ ਗਿਆ। ਉਸ ਦੀ ਪਛਾਣ ਗੁਰਿੰਦਰ ਸਿੰਘ (24) ਵਜੋਂ ਹੋਈ ਹੈ।

ਥਾਣਾ ਸਨੌਰ ਦੇ ਮੁਖੀ ਕਰਮਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕਾ ਦੀ ਮਾਤਾ ਦੀ ਸ਼ਿਕਾਇਤ ਉੱਤੇ ਗੁਰਿੰਦਰ ਸਿੰਘ ਦੇ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਹੈ। ਗੁਰਿੰਦਰ ਸਿੰਘ ਤੇ ਉਸ ਦੇ ਚਾਚੇ ਦਾ ਘਰ ਆਹਮੋ-ਸਾਹਮਣੇ ਸੀ ਤੇ ਚਾਚੇ ਦੀ ਕੁੜੀ ਪਿਛਲੇ ਤਿੰਨ ਮਹੀਨੇ ਤੋਂਉਸ ਦੇ ਘਰ ਹੀ ਰਹਿ ਰਹੀ ਸੀ। ਮ੍ਰਿਤਕ ਕੁੜੀ ਦੀ ਮਾਸੀ ਅਨੁਸਾਰ ਗੁਰਿੰਦਰ ਅਕਸਰ ਲੜਕੀ ਦੀ ਕੁੱਟਮਾਰ ਕਰਦਾ ਸੀ ਅਤੇ ਕਈ ਵਾਰ ਕੁੜੀ ਦੀ ਮਾਂ ਉਸ ਨੂੰ ਬਚਾਉਣ ਵੀ ਗਈ ਸੀ। ਕੱਲ੍ਹ ਵੀ ਕੁੜੀ ਆਪਣੇ ਤਾਏ ਦੇ ਘਰ ਸੀ ਜਿੱਥੇ ਗੁਰਿੰਦਰ ਨੇ ਉਸ ਦੇ ਸਿਰ ਵਿੱਚ ਦੋ ਗੋਲੀਆਂ ਮਾਰ ਦਿੱਤੀਆਂ ਤੇ ਭੱਜ ਗਿਆ।

## ਦੋਂਹ ਪਿੰਡਾਂ ਦੇ ਗੁਰਦੁਆਰਾ ਸਾਹਿਬਾਨ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

ਫਤਿਹਗੜ੍ਹ ਸਾਹਿਬ, 13 ਅਕਤੂਬਰ (ਪੋਸਟ ਬਿਊਰੋ)- ਜ਼ਿਲ੍ਹੇ ਦੇ ਪਿੰਡ ਤਰਖਾਣ ਮਾਜਰਾ ਤੇ ਪਿੰਡ ਜੱਲਾ ਦੇ ਗੁਰਦੁਆਰਾ ਸਾਹਿਬਾਨ ਵਿੱਚ ਇੱਕ ਨੌਜਵਾਨ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੀ ਘਟਨਾ ਵਾਪਰੀ ਹੈ।

ਪੁਲਸ ਨੇ ਦੱਸਿਆ ਕਿ ਤਰਖਾਣ ਮਾਜਰਾ ਪਿੰਡ ਵਿੱਚ ਕਾਰ ਵਿੱਚ ਇਹ ਨੌਜਵਾਨ ਪਹੁੰਚਿਆ ਤਾਂ ਗੁਰ-ਦੁਆਰਾ ਬੰਦ ਸੀ। ਉਸ ਨੇ ਗ੍ਰੰਥੀ ਤੋਂ ਖੁੱਲ੍ਹਵਾਇਆ ਅਤੇ ਅੰਦਰ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਪਾੜਨ ਲੱਗਾ। ਗ੍ਰੰਥੀ ਦੇ ਬੇਟੇ ਨੇ ਉਸ ਨੂੰ ਫੜਿਆ ਅਤੇ ਬਾਅਦ ਵਿੱਚ ਸਥਾਨਕ ਲੋਕਾਂ ਨੇ ਉਸ ਦੀ ਕੁੱਟਮ-ਾਰ ਕਰਨ ਦੇ ਬਾਅਦ ਉਸ ਨੂੰ ਪੁਲਸ ਦੇ ਹਵਾਲੇ ਕੀਤਾ। ਭੜਕੇ ਪਿੰਡ ਵਾਸੀਆਂ ਨੇ ਉਸ ਦੀ ਕਾਰ ਦੇ ਸ਼ੀਸ਼ੇ ਤੋੜੇ ਅਤੇ ਸਰਹਿੰਦ ਥਾਣੇ ਦਾ ਘਿਰਾਓ ਕੀਤਾ। ਬੇਅਦਬੀ ਕਰਨ ਵਾਲੇ ਦੀ ਪਛਾਣ ਸਹਿਜਵੀਰ ਸਿੰਘ (19) ਪੁੱਤਰ ਸਤਨਾਮ ਸਿੰਘ ਪਿੰਡ ਬਿਰੜਵਾਲ ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਦੇ ਤੌਰ 'ਤੇ ਹੋਈ ਹੈ।

ਗੁਰਦੁਆਰਾ ਸਾਹਿਬ ਦੇ ਗ੍ਰੰਥੀ ਮਨਜੀਤ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀ ਇੱਕ ਸਵਿਫਟ ਕਾਰ ਵਿੱਚ ਨਾਭਾ ਸਾਈਡ ਤੋਂ ਸਰਹਿੰਦ ਵੱਲ ਆਇਆ ਸੀ।ਦੋਸ਼ੀ ਨੌਜਵਾਨ ਨੇ ਪੁਲਸ ਹਿਰਾਸਤ ਦੌਰਾਨ ਮੰਨਿਆ ਕਿ ਉਸ ਨੇ ਪਹਿਲਾਂ ਪਿੰਡ ਜੱਲਾ ਅਤੇ ਬਾਅਦ ਵਿੱਚ ਤਰਖਾਣ ਮਾਜਰਾ ਵਿੱਚ ਬੇਅਦਬੀ ਕੀਤੀ ਹੈ। ਪੁਲਸ ਨੇ ਦੋਸ਼ੀ ਖਿਲਾਫ 295-ਏ ਦਾ ਕੇਸ ਦਰਜ ਕਰ ਲਿਆ ਹੈ ਅਤੇ ਇਸ ਘਟਨਾ ਦੀ ਗੰਭੀਰਤਾ ਨਾਲ ਜਾਂਚ ਲਈ ਪਟਿਆਲਾ ਅਤੇ ਰੋਪੜ ਦੇ ਆਈ ਜੀ ਸਮੇਤ ਐਸ ਐਸ ਪੀ ਫਤਿਹਗੜ੍ਹ ਸਾਹਿਬ ਗੰਭੀਰਤਾ ਨਾਲ ਜਾਂਚ ਵਿੱਚ ਲੱਗੇ ਹਨ।

ਇਸ ਘਟਨਾ ਪਿੱਛੋਂ ਵੱਖ-ਵੱਖ ਸਿੱਖ ਸੰਗਠਨ ਪਿੰਡ ਤਰਖਾਣ ਮਾਜਰਾ ਪਹੁੰਚੇ ਅਤੇ ਬਾਅਦ ਦੁਪਹਿਰ ਨੈਸ਼ਨਲ ਹਾਈਵੇ ਉੱਤੇ ਜਾਮ ਲਾ ਦਿੱਤਾ। ਸਿੱਖ ਸੰਗਤ ਨੇ ਮੰਗ ਕੀਤੀ ਕਿ ਦੋਸ਼ੀ ਨੌਜਵਾਨ 'ਤੇ ਧਾਰਾ 302 ਦਾ ਕੇਸ ਦਰਜ ਕੀਤਾ ਜਾਏ। ਦੋਸ਼ੀ ਦੀ ਪਛਾਣ ਉਸ ਦੇ ਪਿਤਾ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਖੁਦ ਦੱਸੀ ਹੈ। ਪੁਲਸ ਨੇ ਲੋਕਾਂ ਨੂੰ ਕਾਰਵਾਈ ਕਰਨ ਦਾ ਭਰੋਸਾ ਦਿੰਦੇ ਹੋਏ ਲਿਖਿਆ ਹੈ ਕਿ ਦੋਸ਼ੀ ਨੌਜਵਾਨ ਦੀ ਜੇਬ 'ਚੋਂ ਪਟਿਆਲਾ ਦੇ ਨਿੱਜੀ ਹਸਪਤਾਲ ਦੀ ਇੱਕ ਸਲਿਪ ਵੀ ਮਿਲੀ ਹੈ, ਜਿਸ 'ਤੇ ਉਸ਼ ਦਾ ਨਸ਼ਾ ਛੁਡਾਊ ਕੇਂਦਰ ਵਿੱਚ ਇਲਾਜ ਚੱਲਣ ਦੀ ਗੱਲ ਸਾਹਮਣੇ ਆਈ ਹੈ, ਜਿਸ ਦੀ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ, ਸਤਿਕ-ਾਰ ਕਮੇਟੀ ਅਤੇ ਆਈ ਜੀ ਰੋਪੜ ਰੇਂਜ ਅਤੇ ਆਈ ਜੀ ਪਟਿਆਲਾ ਰੇਂਜ ਦੀ ਮੌਜੂਦਗੀ ਵਿੱਚ ਤਫਤੀਸ਼ ਕੀਤੀ ਜਾ ਰਹੀ ਹੈ।

## ਜੱਜਾਂ ਬਾਰੇ ਟਿਪਣੀਆਂ ਕਾਰਨ ਹਾਈ ਕੋਰਟ ਨੇ ਸੀ ਬੀ ਆਈ ਜਾਂਚ ਦਾ ਹੁਕਮ ਦਿੱਤਾ

ਅਮਰਾਵਤੀ, 13 ਅਕਤੂਬਰ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ ਸੀ ਬੀ ਆਈ ਨੂੰ ਸੂਬੇ ਵਿੱਚ ਸੱਤਾਧਾਰੀ ਵਾਈ ਐਸ ਆਰ ਕਾਂਗਰਸ ਪਾਰਟੀ ਦੇ ਨੇਤਾਵਾਂ ਵੱਲੋਂ ਸੋਸ਼ਲ ਮੀਡੀਆ ਵਿੱਚ ਜੱਜਾਂ ਦੇ ਖਿਲਾਫ ਇਤਰਾਜ਼ ਯੋਗ ਬਿਆਨ ਦੇ ਨਾਲ ਜਾਨ ਦੀ ਧਮਕੀ ਤੇ ਡਰਾਉਣ ਵਾਲੀ ਪੋਸਟ ਦੀ ਜਾਂਚ ਕਰਨ ਦਾ ਹੁਕਮ ਦਿੱਤਾ ਹੈ।




ਅਦਾਲਤ ਨੇ ਟਿੱਪਣੀ ਕੀਤੀ ਕਿ ਉਚੇ ਅਹੁਦਿਆਂ 'ਤੇ ਬੈਠੇ ਲੋਕ ਨਿਆਂ ਪ੍ਰਣਾਲੀ ਵਿਰੁੱਧਜੰਗ ਛੇੜਨ ਵਿੱਚ ਸ਼ਾਮਲ ਹਨ। ਕੋਰਟ ਨੇ ਸੀ ਬੀ ਆਈ ਨੂੰ ਇਸ ਗੱਲ ਦੀ ਜਾਂਚ ਕਰਨ ਲਈ ਕਿਹਾ ਹੈ ਕਿ ਕਿਤੇ ਨਿਆਂ ਪਾਲਿਕਾ 'ਤੇ ਹਮਲੇ ਵੱਡੀ ਸਾਜ਼ਿਸ਼ ਦੀ ਨਤੀਜਾ ਤਾਂ ਨਹੀਂ ਹਨ। ਜੇ ਅਜਿਹਾ ਹੈ ਤਾਂ ਅਹੁਦੇ ਤੇ ਹੈਸੀਅਤ ਦੀ ਪ੍ਰਵਾਹ ਕੀਤੇ ਬਿਨਾਂ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਏ। ਕੋਰਟ ਨੇ ਇਸ ਮਾਮਲੇ ਵਿੱਚ ਰਾਜ ਦੀ ਸੀ ਆਈ ਡੀ ਦੀ ਜਾਂਚ ਉਤੇ ਨਾਖੁਸ਼ੀ ਵੀ ਪ੍ਰਗਟਾਈ ਹੈ।

ਜਸਟਿਸ ਰਾਕੇਸ਼ ਕੁਮਾਰ ਅਤੇ ਜਸਟਿਸ ਜੇ ਉਮਾ ਦੇਵੀ ਦੀ ਬੈਂਚ ਨੇ ਸੀ ਬੀ ਆਈ ਨੂੰ ਕੇਸ ਦਰਜ ਕਰਨ ਤੇ ਅੱਠ ਹਫਤੇ ਵਿੱਚ ਸੀਲ ਕਵਰ ਵਿੱਚ ਰਿਪੋਰਟ ਪੇਸ਼ ਕਰਨ ਦਾ ਹੁਕਮ ਦਿੱਤਾ ਹੈ। ਸੁਣਵਾਈ ਦੌਰਾਨ ਅਦਾਲਤ ਨੇ ਰਾਜ ਦੀ ਸੀ ਆਈ ਡੀ ਦੀ ਜਾਂਚ 'ਤੇ ਟਿੱਪਣੀ ਕੀਤੀ ਕਿ ਵਾਈ ਐਸ ਆਰ ਕਾਂਗਰਸੀ ਨੇਤਾਵਾਂ ਨੂੰ ਬਚਾਉਣ ਦੇ ਲਈ ਉਨ੍ਹਾਂ ਦੇ ਖਿਲਾਫ ਕੇਸ ਵੀ ਦਰਜ ਨਹੀਂ ਕੀਤੇ ਗਏ। ਅਦਾਲਤ ਨੇ ਰਾਜ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਜਾਂਚ ਵਿੱਚ ਸੀ ਬੀ ਆਈ ਦੇ ਨਾਲ ਸਹਿਯੋਗ ਕਰੇ ਅਤੇ ਜਾਂਚ ਨਿਰਵਿਘਨ ਹੋਣ ਦੇਵੇਲ

ਅਸਲ ਵਿੱਚ ਸਰਕਾਰ ਦੇ ਖਿਲਾਫ ਸੁਣਾਏ ਕੁਝ ਫੈਸਲਿਆਂ ਦੇ ਬਾਅਦ ਜੱਜਾਂ ਅਤੇ ਨਿਆਂ ਪਾਲਿਕਾ ਵਿਰੁੱਧ ਵਿਧਾਨ ਸਭਾ ਦੇ ਸਪੀਕਰ ਟੀ ਸੀਤਾਰਾਮ, ਡਿਪਟੀ ਮੁੱਖ ਮੰਤਰੀ ਨਾਰ-ਾਇਣ ਸਵਾਮੀ, ਪਾਰਲੀਮੈਂਟ ਮੈਂਬਰ ਵੀ. ਵਿਜੈਸਾਈ ਰੈਡੀ, ਨੰਦੀਗ੍ਰਾਮ ਸੁਰੇਸ਼, ਸਾਬਕਾ ਵਿਧਾਇਕ ਏ ਕ੍ਰਿਸ਼ਨ ਮੋਹਨ ਅਤੇ ਵਾਈ ਐਸ ਆਰ ਕਾਂਗਰਸ ਦੇ ਕੁਝ ਹੋਰ ਨੇਤਾਵਾਂ ਦੀਆਂ ਟਿੱਪਣੀਆਂ 'ਤੇ ਹਾਈ ਕੋਰਟ ਨੇ ਅਪ੍ਰੈਲ ਵਿੱਚ ਖੁਦ ਨੋਟਿਸ ਲਿਆ ਸੀ। ਹਾਈ ਕੋਰਟ ਦੇ ਹੁਕਮ 'ਤੇ ਉਸ ਦੇ ਰਜਿਸਟਰਾਰ ਜਨਰਲ ਨੇ ਰਾਜ ਦੀ ਸੀ ਆਈ ਡੀ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਇਸ ਵਿੱਚ ਦੋਸ਼ੀਆਂ ਦੇ ਨਾਂਅ ਅਤੇ ਉਨ੍ਹਾਂ ਦੇ ਸਬੰਧ ਵਿੱਚ ਸਬੂਤ ਵੀ ਦਿੱਤੇ ਗਏ, ਪਰ ਆਂਧਰਾ ਪ੍ਰਦੇਸ਼ ਪੁਲਸ ਨੇ ਸਿਰਫ 9 ਜਣਿਆਂ ਖਿਲਾਫ ਰਿਪੋਰਟ ਦਰਜ ਕੀਤੀ।

ਅਦਾਲਤ ਨੇ ਸੀ ਆਈ ਡੀ ਨੂੰ ਪੁੱਛਿਆ ਕਿ ਉਸ ਨੇ ਇਨ੍ਹਾਂ ਨੇਤਾਵਾਂ ਦੇ ਖਿਲਾਫ ਕੇਸ ਦਰਜ ਕਿਉਂ ਨਾ ਕੀਤਾ। ਹਾਈ ਕੋਰਟ ਨੇ ਕਿਹਾ, ਉਨ੍ਹਾਂ ਦੀਆਂ ਟਿੱਪਣੀਆਂ ਲੋਕਤੰਤਰ ਲਈ ਖਤਰਨਾਕ ਅਤੇ ਨਿਆਂ ਪਾਲਿਕਾ 'ਤੇ ਹਮਲੇ ਵਾਂਗ ਹਨ। ਕੋਈ ਆਮ ਆਦਮੀ ਸਰਕਾਰ ਦੇ ਖਿਲਾਫ ਟਿੱਪਣੀ ਕਰਦਾ ਹੈ ਤਾਂ ਉਸ ਦੇ ਖਿਲਾਫ ਤੁਰੰਤ ਮਾਮਲੇ ਦਰਜ ਕੀਤੇ ਜਾਂਦੇ ਹਨ। ਜਦ ਉਚ ਅਹੁਦੇ 'ਤੇ ਬੈਠੇ ਵਿਅਕਤੀ ਜੱਜਾਂ ਅਤੇ ਅਦਾਲਤਾਂ ਦੇ ਖਿਲਾਫ ਟਿੱਪਣੀ ਕਰਦੇ ਹਨ ਤਾਂ ਕੇਸ ਦਰਜ ਕਿਉਂ ਨਾ ਕੀਤੇ ਗਏ? ਇਹ ਦੇਖਦੇ ਹੋਏ ਅਸੀਂ ਇਹ ਮੰਨਦੇ ਹਾਂ ਕਿ ਨਿਆਂ ਪਾਲਿਕਾ ਦੇ ਖਿਲਾਫ ਜੰਗ ਛੇੜ ਦਿੱਤੀ ਗਈ ਹੈ।

## ਹਾਥਰਸ ਕਾਂਡ ਵਿਚ ਕੋਰਟ ਨੇ ਏ ਡੀ ਜੀ ਨੂੰ ਝਿੜਕਿਆ: 'ਤੁਹਾਡੀ ਧੀ ਹੁੰਦੀ ਤਾਂ ਬਿਨਾਂ ਦੇਖੇ ਸਸਕਾਰ ਹੋਣ ਦਿੰਦੇ'

ਇਲਾਹਾਬਾਦ, 13 ਅਕਤੂਬਰ (ਪੋਸਟ ਬਿਊਰੋ)- ਹਾਥਰਸ ਬਲਾਤਕਾਰ ਤੇ ਕਤਲ ਕੇਸ ਦਾ ਇਲਾਹਾਬਾਦ ਹਾਈ ਕੋਰਟ ਦੀ ਲਖਨਊ ਬੈਂਚ ਨੇ ਖੁਦ ਨੋਟਿਸ ਲਿਆ ਸੀ, ਜਿਸ ਉੱਤੇ ਸੁਣਵਾਈ ਸ਼ੁਰੂ ਹੋਈ ਹੈ।



ਇਸ ਦੌਰਾਨ ਹਾਈ ਕੋਰਟ ਨੇ ਉੱਤਰ ਪ੍ਰਦੇਸ਼ ਦੇ ਐਡੀਸ਼ਨਲ ਡੀ ਜੀ ਲਾਅ ਐਂਡ ਆਰਡਰ ਪ੍ਰਸ਼ਾਂਤ ਕੁਮਾਰ ਨੂੰ ਕਿਹਾ ਕਿ ਜੇ ਤੁਹਾਡੀ ਬੇਟੀ ਹੁੰਦੀ ਤਾਂ ਕੀ ਤੁਸੀਂ ਬਿਨਾਂ ਦੇਖੇ ਅੰਤਿਮ ਸਸਕਾਰ ਹੋਣ ਦਿੰਦੇ? ਕੋਰਟ ਦੇ ਇਸ ਸਵਾਲ ਉਤੇ ਏ ਡੀ ਜੀ ਲਾਅ ਐਂਡ ਆਰਡਰ ਚੁੱਪ ਹੋ ਗਏ। ਉਨ੍ਹਾਂ ਕੋਲ ਇਸ ਦਾ ਕੋਈ ਜਵਾਬ ਨਹੀਂ ਸੀ। ਹਾਈ ਕੋਰਟ ਵਿੱਚ ਸੁਣਵਾਈ ਤੋਂ ਬਾਅਦ ਬਾਹਰ ਆਈ ਪੀੜਤਾ ਦੇ ਘਰਦਿਆਂ ਵੱਲੋਂ ਵਕੀਲ ਸੀਮਾ ਕੁਸ਼ਵਾਹਾ ਨੇ ਮੀਡੀਆ ਨੂੰ ਦੱਸਿਆ ਕਿ ਏ ਡੀ ਜੀ ਲਾਅ ਐਂਡ ਆਰਡਰ ਪ੍ਰਸ਼ਾਂਤ ਕੁਮਾਰ ਬੋਲ ਰਹੇ ਹਨ ਕਿ ਫੌਰੈਂਸਿਕ ਸਾਇੰਸ ਲੈਬ ਦੀ ਰਿਪੋਰਟ ਵਿੱਚ ਸੀਮਨ ਨਹੀਂ ਆਇਆ। ਇਸ ਮੌਕੇ ਉਨ੍ਹਾਂ ਨੂੰ ਕਿਹਾ ਗਿਆ ਕਿ ਏ ਡੀ ਜੀ ਨੂੰ ਲਾਅ ਦੀ ਡੈਫੀਨੇਸ਼ਨ ਪੜ੍ਹਨੀ ਚਾਹੀਦੀ ਹੈ।ਪੀੜਤਾ ਦੇ ਘਰਦਿਆਂ ਦੀ ਵਕੀਲ ਨੇ ਏ ਡੀ ਜੀ ਨੂੰ ਰੇਪ ਦੀ ਪਰਿਭਾਸ਼ਾ ਪੜ੍ਹਨ ਦੀ ਸਲਾਹ ਦਿੱਤੀ ਅਤੇ ਕਿਹਾ ਕਿ ਮੇਰੇ ਕੋਲ ਸਾਰੀ ਰਿਪੋਰਟ ਆ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੱਜ ਨੇ ਜਦ ਕਰਾਸ ਕਵੈਂਸ਼ਚਨ ਕੀਤੇ ਤਾਂ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਕੋਲ ਕੋਈ ਜਵਾਬ ਨਹੀਂ ਸੀ।ਪੀੜਤਾਂ ਵੱਲੋਂ ਵਕੀਲ ਨੇ ਬਿਹਤਰੀ ਦੀ ਆਸ ਕਰਦੇ ਹੋਏ ਕਿਹਾ ਕਿ ਜਿਸ ਤਰ੍ਹਾਂ ਬੈਂਚ ਅਤੇ ਜੱਜ ਦਾ ਵਤੀਰਾ ਸੀ, ਉਸ ਤੋਂ ਲੱਗਦਾ ਹੈ ਕਿ ਚੰਗਾ ਸੰਦੇਸ਼ ਸਮਾਜ ਵਿੱਚ ਜਾਏਗਾ। ਉਨ੍ਹਾਂ ਕਿਹਾ ਕਿ ਡੀ ਐਮ ਬਾਰੇ ਪੀੜਤਾ ਦੀ ਭਰਜਾਈ ਨੇ ਕੋਰਟ ਨੂੰ ਦੱਸਿਆ ਕਿ ਇਨ੍ਹਾਂ ਨੇ ਕਿਹਾ ਸੀ ਕਿ ਜੇ ਤੁਹਾਡੀ ਬੇਟੀ ਕੋਰੋਨਾ ਨਾਲ ਮਰ ਜਾਂਦੀ ਤਾਂ ਤੁਹਾਨੂੰ ਇੰਨਾ ਮੁਆਵਜ਼ਾ ਨਾ ਮਿਲਦਾ।

ਵਕੀਲ ਦੇ ਮੁਤਾਬਕ ਜੱਜ ਨੇ ਇਸ ਉੱਤੇ ਡੀ ਐਮ (ਜ਼ਿਲਾ ਮੈਜਿਸਟਰੇਟ) ਨੂੰ ਸਵਾਲ ਕੀਤਾ ਕਿ ਕਿਸੇ ਪੈਸੇ ਵਾਲੀ ਦੀ ਬੇਟੀ ਹੁੰਦੀ ਤਾਂ ਕੀ ਤੁਸੀਂ ਇੰਝ ਹੀ ਹਿੰਮਤ ਕਰਦੇ ਉਸ ਨੂੰ ਇਸ ਤਰੀਕੇ ਨਾਲ ਸਾੜਨ ਦੀ? ਜਿਸ ਤਰ੍ਹਾਂ ਨਾਲ ਵੱਡੇ ਕਾਰੋਬਾਰੀ ਘਰਾਣਿਆਂ ਦੇ ਲੋਕਾਂ ਨੂੰ ਇੱਕ ਵੋਟ ਦਾ ਅਧਿਕਾਰ, ਉਵੇਂ ਹੀ ਦਲਿਤ ਅਤੇ ਹੋਰਨਾਂ ਸਾਰੇ ਲੋਕਾਂ ਨੂੰ ਵੀ ਵੋਟ ਦਾ ਅਧਿਕਾਰ ਸੰਵਿਧਾਨ ਨੇ ਦਿੱਤਾ ਹੈ। ਸੀਮਾ ਕੁਸ਼ਵਾਹਾ ਨੇ ਕਿਹਾ ਕਿ ਦੇਸ਼ ਵਿੱਚ ਹਰ ਫਿਰਕੇ ਦੇ ਲੋਕਾਂ ਦਾ ਮਨੁੱਖੀ ਅਧਿਕਾਰ ਹੈ। ਇਸ ਦੀ ਉਲੰਘਣਾ ਕਿਵੇਂ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਅੰਤਿਮ ਸਸਕਾਰ ਵਿੱਚ ਗੰਗਾ ਮਾਂ ਦਾ ਪਵਿੱਤਰ ਜਲ ਛਿੜਕਿਆ ਜਾਂਦਾ ਹੈ। ਤੁਸੀਂ ਮਿੱਟੀ ਦਾ ਤੇਲ ਛਿੜਕ ਕੇ ਉਸ ਬੇਟੀ ਨੂੰ ਸਾੜਿਆ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣ ਕੀਤਾ ਹੈ। ਜਦ ਲੋਕਾਂ ਨੇ ਅੰਤਿਮ ਸਸਕਾਰ ਕਰ ਲਿਆ ਤਾਂ ਸੰਦੇਸ਼ ਭੇਜਿਆ ਗਿਆ ਤੇ ਉਥੇ ਕੁਝ ਲੋਕ ਗਏ। ਫਿਰ ਵੀਡੀਓ ਬਣਾਈ। ਵਕੀਲ ਸੀਮਾ ਕੁਸ਼ਵਾਹਾ ਨੇ ਕੋਰਟ ਨੂੰ ਅਗਲੀ ਸੁਣਵਾਈ ਤੋਂ ਪਹਿਲਾਂ ਕੋਰਟ ਵਿੱਚ ਐਫੀਡੇਵਿਟ ਦਾਇਰ ਕਰਨ ਦੀ ਗੱਲ ਕਹੀ ਅਤੇ ਕਿਹਾ ਕਿ ਇਸ ਵਿੱਚ ਉਹ ਸਾਰੀਆਂ ਗੱਲਾਂ ਦੱਸਣਗੇ, ਪਰ ਇਸ ਸਬੰਧ ਵਿੱਚ ਮੀਡੀਆ ਨਾਲ ਕੋਈ ਗੱਲ ਨਹੀਂ ਕਰਨਗੇ। ਇਸ ਕੇਸ ਦੀ ਸੁਣਵਾਈ ਹਾਲੇ ਜਾਰੀ ਹੈ।

## ਮੁਕਾਬਲੇ ਵਿੱਚ ਪਾਕਿ ਨਾਗਰਿਕ ਸਣੇ ਦੋ ਦਹਿਸ਼ਤਗਰਦ ਮਰੇ

ਸ੍ਰੀਨਗਰ, 13 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੀ ਰਾਜਧਾਨੀ ਸ੍ਰੀਨਗਰ ਵਿੱਚ ਸੁਰੱਖਿਆ ਬਲਾਂ ਦੀ ਘੇਰਾ ਬੰਦੀ ਤੇ ਤਲਾਸ਼ੀ ਮੁਹਿੰਮ ਦੌਰਾਨ ਮੁਕਾਬਲੇ ਵਿੱਚ ਪਾਕਿਸਤਾਨੀ ਨਾਗਰਿਕ ਅਤੇ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਸਮੇਤ ਦੋ ਅੱਤਵਾਦੀ ਮਾਰੇ ਗਏ। ਇਸ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਪੁਲਸ ਬੁਲਾਰੇ ਨੇ ਦੱਸਿਆ ਕਿ ਦਹਿਸ਼ਤਗਰਦਾਂ ਦੀ ਮੌਜੂਦਗੀ ਬਾਰੇ ਖੁਫੀਆ ਸੂਚਨਾ ਦੇ ਆਧਾਰ ਉਤੇ ਸੀ ਆਰ ਪੀ ਐਫ ਤੇ ਜੰਮੂ-ਕਸ਼ਮੀਰ ਪੁਲਸ ਦੀ ਵਿਸ਼ੇਸ਼ ਮੁਹਿੰਮ ਨੇ ਸਵੇਰੇ ਸ੍ਰੀਨਗਰ ਦੇ ਪੁਰਾਣੇ ਬਰਜੁੱਲਾ ਇਲਾਕੇ ਵਿੱਚ ਸਾਂਝੀ ਮੁਹਿੰਮ ਸ਼ੁਰੂ ਕੀਤੀ।ਉਨ੍ਹਾਂ ਦੱਸਿਆ ਕਿ ਸੁਰੱਖਿਆ ਬਲਾਂ ਦੇ ਜਵਾਨ ਜਦੋਂ ਲੁਕੇ ਹੋਏ ਦਹਿਸ਼ਤਗਰਦਾਂ ਵੱਲ ਵਧਦੇ ਪਏ ਸਨ ਤਦ ਅੱਤਵਾਦੀਆਂ ਨੇ ਆਟੋਮੈਟਿਕ ਹਥਿਆਰਾਂ ਨਾਲ ਗੋਲਾਬਾਰੀ ਸ਼ੁਰੂ ਕਰ ਦਿੱਤੀ। ਸੁਰੱਖਿਆ ਬਲਾਂ ਨੇ ਜਵਾਬੀ ਕਾਰਵਾਈ ਕੀਤੀ ਤੇ ਮੁਕਾ-ਬਲਾ ਸ਼ੁਰੂ ਹੋ ਗਿਆ। ਉਨ੍ਹਾਂ ਨੇ ਕਿਹਾ ਕਿ ਇਲਾਕੇ ਤੋਂ ਸਾਰੇ ਨਾਗਰਿਕਾਂ ਨੂੰ ਸੁਰੱਖਿਅਤ ਬਾਹਰ ਕੱਢਣ ਤੋਂ ਬਾਅਦ ਦਹਿਸ਼ਤਗਰਦਾਂ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਗਿਆ। ਇਸ ਦੌਰਾਨ ਮੁਕਾਬਲੇ ਵਿੱਚ ਦੋ ਦਹਿਸ਼ਤਗਰਦ ਮਾਰੇ ਗਏ ਅਤੇ ਇਲਾਕੇ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਲਈ ਵਾਧੂ ਸੁਰੱਖਿਆ ਬਲਾਂ ਨੂੰ ਤੈਨਾਤ ਕੀਤਾ ਗਿਆ।

ਜੰਮੂ-ਕਸ਼ਮੀਰ ਦੇ ਡੀ ਜੀ ਪੀ ਦਿਲਬਾਗ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁਕਾਬਲੇ ਵਿੱਚ ਪਾਕਿਸਤਾਨੀ ਨਾਗਰਿਕ ਸੈਫੂਉਲ੍ਹਾ ਸਮੇਤ ਦੋ ਦਹਿਸ਼ਤਗਰਦ ਮਾਰੇ ਗਏ ਹਨ। ਸੈਫੂਉਲ੍ਹਾ ਪਿਛਲੇ ਹਫਤੇ ਸ੍ਰੀਨਗਰ ਦੇ ਨੌਗਾਮ ਵਿੱਚ ਸੀ ਆਰ ਪੀ ਐਫ ਉਤੇ ਹਮਲੇ ਲਈ ਜ਼ਿੰਮੇਵਾਰ ਸੀ।

## ਹਾਈ ਵੋਲਟੇਜ ਕਰੰਟ ਦੇ ਕਾਰਨ ਨਵ-ਵਿਆਹੇ ਮੁਲਾਜ਼ਮ ਦੀ ਮੌਤ

ਕਰਤਾਰਪੁਰ, 13 ਅਕਤੂਬਰ (ਪੋਸਟ ਬਿਊਰੋ)- ਸੋਮਵਾਰ ਸਵੇਰੇ ਕਿਸ਼ਨਗੜ੍ਹ ਰੋਡ ਕੱਚਾ ਰਸਤਾ ਪਿੰਡ ਜੱਲਾ ਸਿੰਘ ਉਤੇ ਲੱਗੇ ਇੱਕ 25 ਕੇ ਵੀ ਦੇ ਟਰਾਂਸਫਾਰਮਰ ਦੀ ਕੰਪਲੇਂਟ ਠੀਕ ਕਰਨ ਗਏ ਪਾਵਰਕਾਮ ਦੇ ਮੁਲਾਜ਼ਮ ਦੀ ਹਾਈ ਵੋਲਟੇਜ ਕਰੰਟ ਲੱਗਣ ਕਾਰਨ ਮੌਤ ਹੋ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਮੁਲਾਜ਼ਮ ਠੇਕੇ 'ਤੇ ਕਰੀਬ ਡੇਢ ਸਾਲ ਤੋਂ ਕੰਪਲੈਂਟ ਠੀਕ ਕਰਨ ਦਾ ਕੰਮ ਕਰਦਾ ਸੀ ਅਤੇ ਇਸ ਮੌਕੇ ਵੀ ਡਿਊਟੀ ਉੱਤੇ ਸੀ। ਇਸ 32 ਸਾਲਾ ਨੌਜਵਾਨ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।ਮ੍ਰਿਤਕ ਮੰਗਤ ਰਾਮ ਪੁੱਤਰ ਬੀਰਾ ਵਾਸੀ ਬੜਾ ਪਿੰਡ ਦਾ ਸਿਰਫ ਤਿੰਨ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ।

ਪਾਵਰਕਾਮ ਦੇ ਐਕਸੀਅਨ ਸੁਰਿੰਦਰਪਾਲ ਸੋਂਧੀ ਨੇ ਦੱਸਿਆ ਕਿ ਮ੍ਰਿਤਕ ਮੰਗਤ ਰਾਮ ਪਾਵਰਕਾਮ ਦਾ ਸੀ ਐਚ ਪੀ ਵਜੋਂ ਕੰਮ ਕਰਦਾ ਸੀ। ਉਨ੍ਹਾਂ ਦੱਸਿਆ ਕਿ ਮੰਗਤ ਰਾਮ ਦੀ ਕੱਲ੍ਹ ਵੀਕਲੀ ਛੁੱਟੀ ਸੀ। ਵਾਲਮੀਕਿ ਸੰਘਰਸ਼ ਮੋਰਚਾ ਦੇ ਆਗੂ ਜੀਵਨ ਕਲਿਆਣ ਅਤੇ ਹੋਰ ਪਿੰਡ ਵਾਸੀਆਂ ਨੇ ਸਬੰਧਤ ਦੁਰਘਟਨਾ ਬਾਰੇ ਡੀ ਐਸ ਪੀ ਸੁਖਪਾਲ ਸਿੰਘ ਨਾਲ ਮੁਲਾਕਾਤ ਕੀਤੀ। ਉਨ੍ਹਾਂ ਇਸ ਮੌਕੇ ਪਰਵਾਰ ਅਤੇ ਮੋਹਤਬਾਰਾਂ ਦੀ ਗੱਲ ਸੁਣੀ ਅਤੇ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ। ਮੌਕੇ 'ਤੇ ਏ ਐਸ ਆਈ ਬੋਧਰਾਜ ਪੁਲਸ ਕਾਰਵਾਈ ਕਰਨ ਲਈ ਗਏ।

## ਮਦਰੱਸੇ ਦੇ ਤਿੰਨ ਟੀਚਰਾਂ 'ਤੇ ਪੀ ਐਸ ਏ ਕਾਨੂੰਨ ਲਾਗੂ ਹੋਇਆ


ਸ਼੍ਰੀਨਗਰ, 13 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਪੁਲਸ ਨੇ ਦਸਿਆ ਹੈ ਕਿ ਸ਼ੋਪੀਆਂ ਜ਼ਿਲ੍ਹੇ ਦੇ ਇੱਕ ਮਦਰੱਸੇ ਦੇ ਤਿੰਨ ਅਧਿਆਪਕਾਂ 'ਤੇ ਜਨਤਕ ਸੁਰੱਖਿਆ ਕਾਨੂੰਨ (ਪੀ ਐਸ ਏ) ਦਾ ਕੇਸ ਦਰਜ ਕੀਤਾ ਗਿਆ ਹੈ। ਇਹ ਕੇਸ ਇਸ ਮਦਰੱਸੇ ਦੇ ਵਿਦਿਆਰਥੀਆਂ ਤੇ ਸਾਬਕਾ ਵਿਦਿਆਰਥੀਆਂ ਦੇ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਮਗਰੋਂ ਦਰਜ ਕੀਤਾ ਗਿਆ ਹੈ। ਇਸ ਦੇ ਸਾਬਕਾ ਵਿਦਿਆਰਥੀਆਂ ਵਿੱਚ ਸੱਜਾਦ ਭੱਟ ਵੀ ਸ਼ਾਮਲ ਸੀ, ਜੋ ਫਰਵਰੀ 2019 ਵਿੱਚ ਪੁਲਵਾਮਾ ਵਿੱਚ ਸੀ ਆਰ ਪੀ ਐਫ ਦੇ ਕਾਫਲੇ 'ਤੇ ਆਤਮਘਾਤੀ ਹਮਲਾ ਕਰਨ ਦਾ ਦੋਸ਼ੀ ਸੀ ਅਤੇ ਇਸ ਹਮਲੇ ਵਿੱਚ ਸੁਰੱਖਿਆ ਦਸਤੇ ਦੇ 40 ਜਵਾਨ ਮਾਰੇ ਗਏ ਸਨ।




ਕਸ਼ਮੀਰ ਰੇਂਜ ਦੇ ਆਈ ਜੀ ਪੁਲਸ ਵਿਜੇ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਕੂਲ ਪਾਬੰਦੀਸ਼ੁਦਾ ਸੰਗਠਨ ਜਮਾਤ-ਏ-ਇਸਲਾਮੀ ਨਾਲ ਸਬੰਧਤ ਹੈ। ਵਿਜੇ ਕੁਮਾਰ ਨੇ ਕਿਹਾ ਕਿ ਸਕੂਲ ਦਾ ਨਾਂ ਸਿਰਜਾ ਉਲੂਮ ਇਮਾਮ ਸਾਹਿਬ ਹੈ। ਅਜਿਹਾ ਨਹੀਂਕਿ ਇਸ ਸਕੂਲ ਉੱਤੇ ਨਜ਼ਰ ਨਹੀਂ ਸੀ, ਅਸੀਂ ਸਕੂਲ ਦੇ ਤਿੰਨ ਅਧਿਆਪਕਾਂ ਅਬਦੁੱਲ ਅਹਿਮਦ ਭੱਟ, ਰਊਫ ਭੱਟ ਅਤੇ ਮੁਹੰਮਦ ਯੂਨੂਸ ਵਾਨੀ ਉੱਤੇ ਪੀ ਐਸ ਏ ਦਾ ਕੇਸ ਦਰਜ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸਕੂਲ ਦੇ ਕਰੀਬ ਅੱਧਾ ਦਰਜਨ ਅਧਿਆਪਕਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ।



# ਦੋਸਤੀ ਦੇ ਓਹਲੇ ਹੇਠ ਚੀਨ ਵੱਲੋਂ ਨੇਪਾਲੀ ਜ਼ਮੀਨ ’ਤੇ ਕਬਜ਼ਾ



ਕਾਠਮੰਡੂ, 13 ਅਕਤੂਬਰ (ਪੋਸਟ ਬਿਊਰੋ)- ਨੇਪਾਲੀ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਦੀ ਦੋਸਤੀ ਦੇ ਓਹਲੇ ਹੇਠ ਨੇਪਾਲ ਦੀ ਜ਼ਮੀਨ ’ਤੇ ਚੀਨ ਕਬਜ਼ਾ ਕਰਨ ’ਚ ਲੱਗਾ ਹੋਇਆ ਹੈ। ਇਸ ਦੀ ਪੋਲ ਵਿਰੋਧੀ ਪਾਰਟੀਆਂ ਨੇ ਸਬੂਤਾਂ ਸਮੇਤ ਖੋਲ੍ਹੀ ਹੈ ਅਤੇ ਦੋਸ਼ ਲਾਇਆ ਹੈ ਕਿ ਚੀਨ ਨੇ ਹੁਮਲਾ ਵਿੱਚ ਨੇਪਾਲੀ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਹੈ ਪਰ ਸਰਕਾਰ ਇਸ ਅਸਲੀਅਤ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ।

ਪਤਾ ਲੱਗਾ ਹੈ ਕਿ ਚੀਨ ਨੇ ਨੇਪਾਲੀ ਜ਼ਮੀਨ ’ਤੇ ਕਬਜ਼ਾ ਕਰਨ ਦੇ ਨਾਲ ਹੀ ਇਮਾਰਤਾਂ ਦੀ ਉਸਾਰੀ ਵੀ ਸ਼ੁਰੂ ਕਰ ਦਿੱਤੀ ਹੈ ਅਤੇ ਚੀਨੀ ਸੈਨਿਕਾਂ ਵੱਲੋਂਸਰਹੱਦੀ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਨੂੰ ਵੀ ਪਰੇਸ਼ਾਨ ਕੀਤਾ ਜਾ ਰਿਹਾ ਹੈ। ਖਾਣ ਵਾਲੀਆਂ ਚੀਜ਼ਾਂ ਨਾਲ ਲੱਦੇ ਟਰੱਕਾਂ ਨੂੰ ਚੀਨੀ ਫੌਜੀ ਰੋਕਣ ਲੱਗੇ ਹਨ, ਜਿਸ ਨਾਲ ਲੋਕਾਂ ਦੀ ਜ਼ਿੰਦਗੀ ਮੁਸ਼ਕਲ ਹੁੰਦੀ ਜਾ ਰਹੀ ਹੈ। ਮੁੱਖ ਵਿਰੋਧੀ ਪਾਰਟੀ ਨੇਪਾਲੀ ਕਾਂਗਰਸ ਦੇ ਨੇਤਾ ਤੇ ਸਾਬਕਾ ਕੇਂਦਰੀ ਮੰਤਰੀ ਜੀਵਨ ਬਹਾਦੁਰ ਸ਼ਾਹੀ ਦਾ ਕਹਿਣਾ ਹੈ ਕਿ ਚੀਨ ਨੇ ਸਰਹੱਦੀ ਇਲਾਕਿਆਂ ਵਿੱਚ ਰਹਿੰਦੇ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਉਨ੍ਹਾਂ ਸਰਹੱਦੀ ਇਲਾਕਿਆਂ ਦਾ ਦੌਰਾ ਕਰਨ ਪਿੱਛੋਂ ਇੱਕ ਵਿਸਥਾਰਤ ਰਿਪੋਰਟ ਵੀ ਤਿਆਰ ਕੀਤੀ ਹੈ, ਜਿਸ ਨੂੰ ਕਾਠਮੰਡੂ ਵਿੱਚ ਪਾਰਟੀ ਦੀ ਕੇਂਦਰੀ ਕਮੇਟੀ ਕੋਲ ਭੇਜਿਆ ਜਾਵੇਗਾ। ਸ਼ਾਹੀ ਨੇ ਕਿਹਾ ਕਿ ਹੁਮਲਾ ਮੇਰਾ ਆਪਣਾਜ਼ਿਲ੍ਹਾ ਹੈ। ਮੈਂ ਇੱਥੋਂ ਦੀ ਜ਼ਮੀਨ ਉੱਤੇ ਕਬਜ਼ੇ ਬਾਰੇ ਵੇਰਵੇ ਸਹਿਤ ਜਾਣਕਾਰੀ ਰੱਖਦਾ ਹਾਂ। ਉਨ੍ਹਾ ਨੇ ਸਰਕਾਰ ਨੂੰ ਦੱਸਿਆ ਕਿ ਚੀਨ ਨੇ ਨੇਪਾਲ ਦੀ ਜ਼ਮੀਨ ’ਤੇ ਕਬਜ਼ਾ ਕੀਤਾ ਹੈ ਅਤੇ ਇੱਥੋਂ ਤੱਕ ਕਿ ਪਿਲਰ 12 ਉੱਤੇ ਨੇਪਾਲ ਦੀ ਕੰਟਰੋਲ ਲਾਈਨ ਪਾਰ ਕਰਨ ਵਾਲੀਆਂ ਬਣਤਰਾਂ ਦੀ ਉਸਾਰੀ ਵੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਨੇ ਇਸ ਤੋਂ ਇਨਕਾਰ ਕੀਤਾ ਹੈ।

# ਅਮਰੀਕਾ ਵਿੱਚ ਪ੍ਰਦਰਸ਼ਨ : ਮੁਜ਼ਾਹਰਾ ਕਰਨ ਵਾਲਿਆਂ ਨੇ ਲਿੰਕਨ ਅਤੇ ਰੂਜ਼ਵੇਲਟ ਦੀ ਮੂਰਤੀ ਵੀ ਡੇਗੀ

ਪੋਟਰਲੈਂਡ, 13 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਪੋਟਰਲੈਂਡ ਸ਼ਹਿਰ ਵਿਚ ਪ੍ਰਦਰਸ਼ਨ ਕਾਰੀਆਂ ਨੇ ਕੋਲੰਬਸ ਦਿਵਸ ਦਾ ਵਿਰੋਧ ਕਰਦੇ ਹੋਏ ਸਾਬਕਾ ਰਾਸ਼ਟਰਪਤੀਆਂ ਇਬਰ- ਾਹਿਮ ਲਿੰਕਨ ਤੇ ਥਿਯੋਡੋਰ ਰੂਜਵੇਲਟ ਦੀਆਂ ਮੂਰਤੀਆਂ ਡੇਗ ਦਿਤੀਆਂ। ਉਨ੍ਹਾਂ ਨੇ ਕੱਲ੍ਹ ਰਾਤ ਰੋਸ ਦਿਹਾੜਾ ਮੰਨਾਇਆ।




15ਵੀਂ ਸ਼ਤਾਬਦੀ ਦੇ ਇਟਾਲੀਅਨ ਯਾਤਰੀ ਕ੍ਰਿਸਟੋਫਰ ਕੋਲੰਬਸ ਦੇ ਅਮਰੀਕਾ ਆਉਣ ਦੀ ਯਾਦ ਵਿੱਚ ਕੋਲੰਬਸ ਦਿਹਾੜਾ ਮੰਨਾਇਆ ਜਾਂਦਾ ਹੈ। ਅਮਰੀਕਾ ਦੇ ਸਥਾਨਕ ਲੋਕ ਕੋਲੰਬਸ ਨੂੰ ਸਦੀਆਂ ਤੱਕ ਚਲਣ ਵਾਲੇ ਕਤਲੇਆਮ ਦੇ ਲਈ ਜ਼ਿੰਮੇਦਾਰ ਮੰਨਦੇ ਹਨ। ਰੋਸ ਪ੍ਰਦਰਸ਼ਨ ਕਰਨ ਵਾਲਿਆਂ ਨੇ ਸਾਬਕਾ ਰਾਸ਼ਟਰਪਤੀ ਰੂਜਵੇਲਟ ਦੀ ਮੂਰਤੀ ਨੂੰ ਜ਼ੰਜ਼ੀਰਾਂ ਨਾਲ ਬੰਨ੍ਹ ਦਿੱਤਾ ਅਤੇ ਇਸ ਦੇ ਬੇਸ ਨੂੰ ਉਖਾੜਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਸ ’ਤੇ ਲਾਲ ਰੰਗ ਵੀ ਪਾਇਆ। ਪ੍ਰਦਰਸ਼ਨ ਕਾਰੀਆਂ ਨੇ ਰਾਤ ਨੌਂ ਵਜੇ ਤੋਂ ਪਹਿਲਾਂ ਰੂਜਵੇਲਟ ਦੀ ਮੂਰਤੀ ਡੇਗ ਦਿੱਤੀ। ਇਸ ਦੇ ਬਾਅਦ ਉਨ੍ਹਾਂ ਦਾ ਧਿਆਨ ਲਿੰਕਨ ਦੀ ਮੂਰਤੀ ਵੱਲ ਗਿਆ। ਅੱਠ ਮਿੰਟ ਬਾਅਦ ਉਨ੍ਹਾਂ ਨੇ ਉਹ ਮੂਰਤੀ ਵੀ ਡੇਗ ਦਿੱਤੀ। ਮੂਰਤੀਆਂ ਨੂੰ ਡੇਗਣ ਪਿੱਛੋਂ ਗੁੱਸੇ ਵਿਚ ਆਈ ਭੀੜ ਨੇ ਓਰੇਗਨ ਹਿਸਟੋਰੀਕਲ ਸੋਸਾਇਟੀ ਦੀ ਖ਼ਿੜਕੀਆਂ ਨੂੰ ਵੀ ਤੋੜਨਾ ਸ਼ੁਰੂ ਕਰ ਦਿੱਤਾ।

ਵਰਨਣ ਯੋਗ ਕਿ ਪੋਟਰਲੈਂਡ ਪਹਿਲਾਂ ਵੀ ਨਸਲੀ ਵਿਤਕਰੇ ਅਤੇ ਪੁਲਸੀਆ ਜੁਲਮ ਦੇ ਖ਼ਿਲਾਫ਼ ਪ੍ਰਦਰਸ਼ਨਾਂ ਦਾ ਗੜ੍ਹ ਰਿਹਾ ਹੈ। ਬੀਤੇ ਦਿਨੀਂ ਪੋਟਰਲੈਂਡ ਦੀਆਂ ਫੈਡਰਲ ਇਮਾਰਤਾਂ ਦੇ ਬਾਹਰ ਸੱਜੇ ਪੱਖੀ ਅਤੇ ਖੱਬੇ ਪੱਖੀ ਗਰੁੱਪਾਂ ਦੇ ਪ੍ਰਦਰਸ਼ਨ ਹਿੰਸਕ ਹੋਣ ਕਾਰਨ ਪੁਲਸ ਨੂੰ ਤਾਕਤ ਦੀ ਵਰਤੋਂ ਕਰਨੀ ਪਈ ਸੀ। ਬੀਤੇ ਅਗਸਤ ਵਿੱਚ ਹਿੰਸਾ ’ਤੇ ਕਾਬੂ ਨਾ ਹੁੰਦਾ ਦੇਖ ਕੇ ਪੁਲਸ ਨੇ ਪ੍ਰਦਰਸ਼ਨ ਨੂੰ ਦੰਗਾ ਐਲਾਨ ਦਿੱਤਾ ਸੀ।

# ਘੋੜਸਵਾਰ ਪੁਲਸ ਵਾਲੇ ਗੈਰ-ਗੋਰੇ ਵਿਅਕਤੀ ਨੂੰ ਰੱਸੀ ਨਾਲ ਬੰਨ੍ਹ ਕੇ ਪੈਦਲ ਲੈ ਗਏ

ਵਾਸ਼ਿੰਗਟਨ, 13 ਅਕਤੂਬਰ (ਪੋਸਟ ਬਿਊਰੋ)- ਘੋੜਿਆਂ ਉੱਤੇ ਸਵਾਰ ਦੋ ਗੋਰੇ ਪੁਲਸ ਮੁਲਾਜ਼ਮਾਂ ਵੱਲੋਂ ਇੱਕ ਕਾਲੇ ਵਿਅਕਤੀ ਦੇ ਹੱਥ ਰੱਸੀ ਨਾਲ ਬੰਨ੍ਹ ਕੇ ਉਸ ਨੂੰ ਪੈਦਲ ਲਿਜਾਇਆ ਗਿਆ। ਇਸ ਪਿੱਛੋਂ ਉਸ ਨੇ ਇਹ ਕਹਿ ਕੇ ਦੱਖਣ-ਪੂਰਬੀ ਟੈਕਸਾਸ ਸ਼ਹਿਰ ਅਤੇ ਉਸ ਦੇ ਪੁਲਸ ਵਿਭਾਗ ਤੋਂ 10 ਲੱਖ ਡਾਲਰ ਦਾ ਮੁਆਵਜ਼ਾ ਮੰਗਿਆ ਕਿ ਗ੍ਰਿਫ਼ਤਾਰੀ ਦੌਰਾਨ ਉਸ ਨੂੰ ਅਪਮਾਨ ਅਤੇ ਡਰ ਦਾ ਸਾਹਮਣਾ ਕਰਨਾ ਪਿਆ। ਗਲਵੇਸਟਨ ਕਾਊਂਟੀ ਜ਼ਿਲ੍ਹਾ ਅਦਾਲਤ ਵਿੱਚ ਪਿਛਲੇ ਹਫ਼ਤੇ ਡੋਨਾਲਡ ਨੀਲੀ (44) ਵੱਲੋਂ ਦਾਇਰ ਪਟੀਸ਼ਨ ਵਿੱਚ ਦੋਸ਼ ਲਾਇਆ ਗਿਆ ਕਿ ਅਧਿਕਾਰੀਆਂ ਦਾ ਵਿਹਾਰ ‘ਅਤਿਵਾਦੀ ਅਤੇ ਅਪਮਾਨਜਨਕ’ ਸੀ, ਜਿਸ ਨਾਲ ਨੀਲੀ ਸਰੀਰਕ ਰੂਪ ਨਾਲ ਜ਼ਖ਼ਮੀ ਹੋਇਆ ਅਤੇ ਉਸ ਨੂੰ ਭਾਵਨਾਤਮਕ ਤੌਰ ’ਤੇ ਸੱਟ ਲੱਗੀ। ਅਦਾਲਤੀ ਦਸਤਾਵੇਜ਼ਾਂ ਦਾ ਜ਼ਿਕਰ ਕਰਦੇ ਹੋਏ ਮੀਡੀਆ ਵਿੱਚ ਆਈਆ ਖ਼ਬਰਾਂ ਵਿੱਚ ਇਹ ਜਾਣਕਾਰੀ ਦਿੱਤੀ ਗਈ ਹੈ। ਇਹ ਕੇਸ ਪਿਛਲੇ ਸਾਲ ਅਗਸਤ ਮਹੀਨੇ ਦਾ ਹੈ। ਤਸਵੀਰਾਂ ਵਿੱਚ ਨੀਲੀ ਨੂੰ ਹੱਥਕੜੀ ਨਾਲ ਜੁੜੀ ਰੱਸੀ ਫੜੇ ਹੋਏ ਘੋੜਸਵਾਰ ਪੁਲਸ ਅਧਿਕਾਰੀ ਲਿਜਾ ਰਹੇ ਹਨ। ਇਹ ਤਸਵੀਰ ਗ਼ੁਲਾਮਾਂ ਨੂੰ ਜੰਜ਼ੀਰ ਵਿੱਚ ਜਕੜ ਕੇ ਰੱਖਣ ਦੀ ਯਾਦ ਦਿਵਾਉਂਦੀ ਹੈ। ਘਟਨਾ ਦੇ ਸਮੇਂ ਬੇਘਰ ਨੀਲੀ ਸੜਕ ਕਿਨਾਰੇ ਸੌਂ ਰਿਹਾ ਸੀ ਕਿ ਉਸ ਨੂੰ ਅਪਰਾਧਕ ਗੁੰਡਾਗਰਦੀ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਪਟੀਸ਼ਨ ਵਿੱਚ ਕਿਹਾ ਗਿਆ, ‘ਨੀਲੀ ਨੂੰ ਉਸ ਤਰ੍ਹਾਂ ਪ੍ਰਦਰਸ਼ਨ ਲਈ ਰੱਖਿਆ ਗਿਆ ਹੈ ਜਿਵੇਂ ਕਿਸੇ ਸਮੇਂ ਗ਼ੁਲਾਮਾਂ ਨੂੰ ਰੱਖਿਆ ਜਾਂਦਾ ਸੀ।’

# ਦੋ ਅਮਰੀਕੀਆਂ ਨੂੰ ਮਿਲਿਆ ਇਕਨਾਮਿਕਸ ਲਈ ਨੋਬਲ ਇਨਾਮ



ਸਟਾਕਹੋਮ, 13 ਅਕਤੂਬਰ (ਪੋਸਟ ਬਿਊਰੋ)- ਨਿਲਾਮੀ ਦੇ ਅਮਲ ਨੂੰ ਬਿਹਤਰ ਕਰਨ ਤੇ ਨਵੇਂ ਤਰੀਕੇ ਪੇਸ਼ ਕਰਨ ਵਾਲੇ ਅਮਰੀਕਾ ਦੇ ਦੋ ਅਰਥ-ਸ਼ਾਸਤਰੀਆਂ ਨੂੰ ਇਸ ਸਾਲ ਇਕਨਾਮਿਕਸ ਦੇ ਨੋਬਲ ਇਨਾਮ ਲਈ ਚੁਣਿਆ ਗਿਆ ਹੈ। ਨੋਬਲ ਕਮੇਟੀ ਨੇ ਕਿਹਾ ਕਿ ਅੱਜ ਦੀ ਦੁਨੀਆ ਵਿੱਚ ਨਿਲਾਮੀ ਹਰ ਰੋਜ਼ ਅਤੇ ਲਗਭਗ ਹਰ ਖੇਤਰ ਵਿੱਚ ਹੁੰਦੀ ਹੈ।

ਪਾਲ ਆਰ ਮਿਲਗ੍ਰੋਮ ਅਤੇ ਰਾਬਰਟ ਬੀ ਵਿਲਸਨ ਨੇ ਇਸ ਲਈ ਅਜਿਹੇ ਤਰੀਕੇ ਲੱਭੇ ਹਨ, ਜਿਨ੍ਹਾਂ ਨਾਲ ਵੇਚਣ ਵਾਲਾ, ਖਰੀਦਦਾਰ ਅਤੇ ਟੈਕਸ ਪੇਅਰ ਸਾਰਿਆਂ ਨੂੰ ਲਾਭ ਹੁੰਦਾ ਹੈ। 1994 ਵਿੱਚ ਅਮਰੀਕਾ ਦੇ ਟੈਲੀਕਾਮ ਅਧਿਕਾਰੀਆਂ ਨੇ ਰੇਡੀਓ ਫ੍ਰੀਕਵੈਂਸੀ ਵੇਚਣ ਲਈ ਇਨ੍ਹਾਂ ਦੇ ਇੱਕ ਤਰੀਕੇ ਨੂੰ ਅਜ਼ਮਾਇਆ ਸੀ। ਬਾਅਦ ਵਿੱਚ ਕਈ ਦੇਸ਼ਾਂ ਵਿੱਚ ਇਸ ਨੂੰ ਅਪਣਾਇਆ ਗਿਆ। ਇਸ ਸਮੇਂ ਰੇਡੀਓ ਫ੍ਰੀਕਵੈਂਸੀ ਮੱਛੀ ਪਾਲਣ ਕੋਟਾ ਅਤੇ ਏਅਰ ਪੋਰਟ ਲੈਂਡਿੰਗ ਸਲਾਟ ਆਦਿ ਦੀ ਵਿਕਰੀ ਵਿੱਚ ਇਨ੍ਹਾਂ ਤਰੀਕਿਆਂ ਦੀ ਵਰਤੋਂ ਹੁੰਦੀ ਹੈ।ਨੋਬਲ ਇਨਾਮ ਜੇਤੂ ਦੋਵੇਂ ਅਰਥ ਸ਼ਾਸਤਰੀ ਕੈਲੀਫੋਰਨੀਆ ਦੀ ਸਟੈਨਫੋਰਡ ਯੂਨੀਵਰਸਿਟੀ ਨਾਲ ਜੁੜੇ ਹੋਏ ਹਨ। 72 ਸਾਲਾ ਮਿਲਗ੍ਰੋਮ ਨੇ ਦੱਸਿਆ ਕਿ ਵਿਲਸਨ ਨੇ ਮੇਰਾ ਦਰਵਾਜ਼ਾ ਖੜਕਾਇਆ ਅਤੇ ਮੈਨੂੰ ਨੋਬਲ ਇਨਾਮ ਮਿਲਣ ਦੀ ਜਾਣਕਾਰੀ ਦਿੱਤੀ। ਮੇਰੇ ਘਰ ਦੇ ਸਾਹਮਣੇ ਰਹਿਣ ਵਾਲੇ ਵਿਲਸਨ ਮੇਰੇ ਪੀ ਐਚ ਡੀ ਐਡਵਾਈਜ਼ਰ ਵੀ ਰਹੇ ਹਨ। 83 ਸਾਲਾ ਵਿਲਸਨ ਨੇ ਆਪਣੇ ਵਿਦਿਆਰਥੀ ਰਹੇ ਮਿਲਗ੍ਰੋਮ ਨੂੰ ਨਿਲਾਮੀ ਦੇ ਖੇਤਰ ਵਿੱਚ ਕੀਤੇ ਕੰਮ ਦਾ ਸਿਹਰਾ ਦਿੱਤਾ। ਜੇਤੂਆਂ ਦੇ ਨਾਵਾਂ ਦਾ ਐਲਾਨ ਸਟਾਕਹੋਮ ਵਿੱਚ ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸਿਜ਼ ਦੇ ਸਕੱਤਰ ਜਨਰਲ ਗੋਰਾਨ ਹੈਨਸਨ ਨੇ ਕੀਤਾ।

# ਸਿੰਧੀ ਟਾਪੂਆਂ ਨੂੰ ਕਬਜ਼ੇ ਵਿੱਚ ਲੈਣ ਵਿਰੁੱਧ ਪਾਕਿਸਤਾਨ ਸਰਕਾਰ ਦੇ ਖ਼ਿਲਾਫ਼ ਵਿਖਾਵਾ

ਕਰਾਚੀ, 13 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਸਿੰਧ ਦੇ ਦੋ ਟਾਪੂਆਂ ਨੂੰ ਕਬਜ਼ੇ ਵਿੱਚ ਲੈਣ ਦੇ ਵਿਰੁੱਧ ਪਾਕਿਸਤਾਨ ਸਰਕਾਰ ਦੇ ਖ਼ਿਲਾਫ਼ ਜ਼ੋਰਦਾਰ ਵਿਖਾਵਾ ਹੋਇਆ ਹੈ। ਇਹ ਵਿਖਾਵਾ ਸਿੰਧ ਤਰੱਕੀ ਪਸੰਦ ਪਾਰਟੀ ਨੇ ਕੀਤਾ ਸੀ। ਵਿਖਾਵਾਕਾਰੀਆਂ ਨੇ ਸਿੰਧ ਦੇ ਗਵਰਨਰ ਹਾਊਸ ਦੇ ਬਾਹਰ ਪਾਕਿ- ਸਤਾਨ ਟਾਪੂ ਵਿਕਾਸ ਅਥਾਰਟੀ (ਪੀ ਆਈ ਡੀ ਏ) ਦੇ ਰਾਸ਼ਟਰੀ ਆਰਡੀਨੈਂਸ ਖ਼ਿਲਾਫ਼ ਆਪਣਾ ਗੁੱਸਾ ਕੱਢਿਆ। ਇਸ ਵਿਖਾਵੇ ਵਿੱਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਸਿੰਧ ਦੇ ਲੇਖਕ, ਕਵੀ, ਰਾਸ਼ਟਰਵਾਦੀ, ਬੁੱਧੀਜੀਵੀ ਤੇ ਹਰ ਵਿਚਾਰ ਦੇ ਲੋਕ ਗਵਰਨਰ ਹਾਊਸ, ਚੌਕਾਰਾ ਚੌਕ ਸਾਹਮਣੇ ਨਾਅਰੇਬਾਜ਼ੀ ਕਰਦੇ ਨਜ਼ਰ ਆਏ। ਸਿੰਧ ਪ੍ਰਗਤੀਸ਼ੀਲ ਪਾਰਟੀ ਨੇ ਆਪਣੀ ਜ਼ਮੀਨ ’ਤੇ ਪਾਕਿਸਤਾਨੀ ਕਬਜ਼ੇ ਦੀ ਨਿੰਦਾ ਕੀਤੀ। ਰੈਲੀ ਦੇ ਆਸ-ਪਾਸ ਦੇ ਖੇਤਰ ਵਿੱਚ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਇਸੇ ਕਾਰਨ ਸੁਰੱਖਿਆ ਬਲਾਂ ਤੇ ਵਿਖਾਵਾਕਾਰੀਆਂ ਦਰਮਿਆਨ ਕੋਈ ਝੜਪ ਨਹੀਂ ਹੋਈ।










**FRESH & LARGE VARIETY**

**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

